ਲੋਕ ਬਾਣੀ ਅਖਬਾਰ ਪੋਰਟਲ ਟੀ.ਵੀਂ ਤੇ ਨਵੀਆਂ ਤੇ ਤਾਜੀਆ ਖਬਰਾਂ ਦੇਖਣ ਲਈ lokbani.com ਤੇ ਜਾਉ ਤੇ ਕਰੋ ਲਾਇਕ

ਹੈ ਕੋਈ ਖਬਰ ਤੁਹਾਡੇ ਸ਼ਹਿਰ ਮੁਹਲੇ ਪਿੰਡ ਦੀ ਸਾਨੂੰ ਲੋੜ ਹੈ ਪੰਜਾਬ ਦੇ ਹਰ ਕੋਨੇ ਤੋ ਉਸ ਖਬਰ ਦੀ ਜੋ ਹੋਵੇ ਸੱਚ ਜਿਸ ਨੂੰ ਅਸੀਂ ਪਹੁੰਚਾ ਸਕੀਏ ਪ੍ਰਸ਼ਾਸਨ ਤੱਕ ਤੁਰੰਤ ਹੋਵੇ ਕਾਰਵਾਈ ਸਾਡੇ ਪਤਰਕਾਰਾਂ ਨਾਲ ਜਾ ਮੁੱਖ ਦਫਤਰ ਨਾਲ ਜਲੰਧਰ

ਸੰਪਰਕ ਕਰੋ 9915594111 0181-2211009

ਰੋਜ਼ਾਨਾ ਸੱਚ ਤੇ ਨਿਡਰ ਆਵਾਜ਼

# ਲੋਕ ਬਾਣੀ

(ਜਲੰਧਰ)

Email : lokbani08@gmail.com

ਬੁੱਧਵਾਰ, 11 ਅਗਸਤ 2021

ਰੋਜ਼ਾਨਾ ਪੰਜਾਬੀ ਅਖ਼ਬਾਰ ‘ਲੋਕ ਬਾਣੀ’ ਆਪ ਪੜ੍ਹੋ ਅਤੇ ਹੋਰਨਾਂ ਨੂੰ ਵੀ ਪੜ੍ਹਾਓ। ਆਪਣੇ ਨਜ਼ਦੀਕੀ ਸਟਾਲ ਅਤੇ ਹਾਕਰ ਤੋਂ ਪ੍ਰਾਪਤ ਕਰੋ ਅਤੇ ਕਿਸੇ ਕਿਸਮ ਦੀ ਪ੍ਰੇਸ਼ਾਨੀ ਲਈ ਹੇਠ ਲਿਖੇ ਨੰਬਰ ’ਤੇ ਸੰਪਰਕ ਕਰੋ।

0181-2211009

R.N.I. Punpun/29016/2008 ✲ ਸਾਲ : 14 ✲ ਅੰਕ : 194 ✲ ਮੁੱਲ : 2.00 ਰੁਪਏ ✲ ਕੁੱਲ ਪੇਜ਼ : 10 ✲ ਫੈਕਸ : 0181-2211009 ✲ M. 99155-94111

## ਲੁਧਿਆਣਾ ਦੇ ਦੋ ਸਰਕਾਰੀ ਸਕੂਲਾਂ ਵਿੱਚ 21 ਬੱਚੇ ਕੋਰੋਨਾ ਪਾਜੇਟਿਵ : ਕਲਾਸਾਂ ਸੀਲ

### ਸਿਹਤ ਵਿਭਾਗ ਨੇ ਸਕੂਲ ਬੰਦ ਕਰਨ ਦੇ ਆਦੇਸ ਦਿੱਤੇ




**ਲੁਧਿਆਣਾ/ਕਰਨ ਅਗਰਵਾਲ**

ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਨਿਊ ਸੁਭਾਸ ਨਗਰ ਵਿੱਚ 8 ਬੱਚੇ ਕੋਰੋਨਾ ਪਾਜੇਟਿਵ ਪਾਏ ਗਏ ਹਨ। ਅਤੇ ਕੈਲਾਸ ਨਗਰ ਦੇ ਇਕ ਹੋਰ ਸਰਕਾਰੀ ਹਾਈ ਸਕੂਲ ਵਿੱਚ 13 ਬੱਚੇ ਸੰਕਰਮਿਤ ਪਾਏ ਗਏ, ਜਿਨ੍ਹਾਂ ਨੂੰ ਘਰ ਭੇਜ ਦਿੱਤਾ ਗਿਆ ਹੈ। ਨਿਊ ਸੁਭਾਸ ਨਗਰ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਵਿੱਚ ਕੱਲ੍ਹ 8 ਬੱਚੇ ਸੰਕਰਮਿਤ ਹੋਏ ਸਨ, ਜੋ ਅੱਜ ਸਕੂਲ ਨਹੀਂ ਆਏ। ਉਨ੍ਹਾਂ ਨੂੰ ਫੋਨ ਰਾਹੀਂ ਇਸ ਬਾਰੇ ਸੂਚਿਤ ਕਰ ਦਿੱਤਾ ਗਿਆ ਹੈ। ਜਾਣਕਾਰੀ ਅਨੁਸਾਰ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਵਿੱਚ 41 ਟੈਸਟ ਲਏ ਗਏ ਸਨ! ਜਿਨ੍ਹਾਂ ਵਿੱਚੋਂ 8 ਵਿਦਿਆਰਥੀ ਪਾਜੇਟਿਵ ਪਾਏ ਗਏ ਹਨ। ਜਾਣਕਾਰੀ ਦਿੰਦਿਆਂ ਸਕੂਲ ਦੇ ਪ੍ਰਿੰਸੀਪਲ ਰਾਜੇਸ ਕੁਮਾਰ ਨੇ ਦੱਸਿਆ ਕਿ ਸਕੂਲ ਵਿੱਚ ਛੇਵੀਂ ਤੋਂ 12 ਵੀਂ ਜਮਾਤ ਤੱਕ 2200 ਵਿਦਿਆਰਥੀ ਹਨ। ਇੱਥੇ 700 ਪ੍ਰਾਇਮਰੀ ਸਕੂਲ ਦੇ ਬੱਚੇ ਪੜ੍ਹਦੇ ਹਨ! ਇਸ ਦੇ ਨਾਲ ਹੀ ਨਰਸਰੀ ਤੋਂ 5 ਵੀਂ ਜਮਾਤ ਤੱਕ 700 ਬੱਚੇ ਅਤੇ 6 ਵੀਂ ਤੋਂ 10 ਵੀਂ ਤੱਕ ਦੇ 500 ਬੱਚੇ ਕੈਲਾਸ ਨਗਰ ਹਾਈ ਸਕੂਲ ਵਿੱਚ ਪੜ੍ਹਦੇ ਹਨ। ਵਿਦਿਆਰਥੀਆਂ ਦੇ ਸਕਾਰਾਤਮਕ ਪਾਏ ਜਾਣ ਤੋਂ ਬਾਅਦ, ਸਿਹਤ ਵਿਭਾਗ ਨੇ ਸਕੂਲ ਨੂੰ ਬੰਦ ਕਰਨ ਦੇ ਆਦੇਸ ਦਿੱਤੇ ਸਨ! ਪਰ ਸਕੂਲ ਅਜੇ ਵੀ ਚੱਲ ਰਿਹਾ ਹੈ! ਮਹਾਂਮਾਰੀ ਵਿਗਿਆਨੀ ਡਾਕਟਰ ਰਮੇਸ ਨੇ ਪਹਿਲਾ ਹੀ ਅਸੀਂ ਸਕੂਲ ਬੰਦ ਕਰਨ ਲਈ ਕਿਹਾ ਸੀ! ਦੱਸ ਦਈਏ ਕਿ ਰਾਜ ਸਰਕਾਰ ਦੁਆਰਾ ਦਿੱਤੇ ਗਏ ਆਦੇਸ ਤੋਂ ਬਾਅਦ, ਰਾਜ ਭਰ ਦੇ ਸਰਕਾਰੀ ਸਕੂਲਾਂ ਵਿੱਚ ਟੈਸਟ ਕੀਤੇ ਜਾ ਰਹੇ ਹਨ। ਇਸੇ ਤਰਤੀਬ ਵਿੱਚ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਬਸਤੀ ਜੋਧੇਵਾਲ ਦੇ 41 ਬੱਚਿਆਂ ਦੇ ਰੈਪਿਡ ਟੈਸਟ ਕੱਲ ਲਏ ਗਏ ਸਨ, ਜਿਸ ਵਿੱਚ ਉਹ ਪਾਜੇਟਿਵ ਪਾਏ ਗਏ ਹਨ। ਉਨ੍ਹਾਂ ਦੇ ਆਰਟੀਪੀਸੀਆਰ ਟੈਸਟ ਵੀ ਕੀਤੇ ਗਏ ਹਨ ਅਤੇ ਉਨ੍ਹਾਂ ਨੂੰ ਜਾਂਚ ਲਈ ਪਟਿਆਲਾ ਦੀ ਲੈਬ ਵਿੱਚ ਭੇਜਿਆ ਗਿਆ ਹੈ ਉਨ੍ਹਾਂ ਦੀ ਰਿਪੋਰਟ ਦੋ ਜਾਂ ਤਿੰਨ ਦਿਨਾਂ ਵਿੱਚ ਆਉਣ ਦੀ ਉਮੀਦ ਹੈ।

# ਦੱਖਣੀ ਚੀਨ ਸਾਗਰ ਵਿਵਾਦ ਸਬੰਧੀ ਸੰਯੁਕਤ ਰਾਸ਼ਟਰ ’ਚ ਭਿੜੇ ਅਮਰੀਕਾ ਤੇ ਚੀਨ



**ਨਿਊਯਾਰਕ/ਲੋਕ ਬਾਣੀ**

ਸਮੁੰਦਰੀ ਸੁਰੱਖਿਆ ’ਤੇ ਮੰਗਲਵਾਰ ਨੂੰ ਸੰਯੁਕਤ ਰਾਸ਼ਟਰ ਸੁਰੱਖਿਆ ਪ੍ਰੀਸ਼ਦ (ਯੂ. ਐੱਨ. ਐੱਸ. ਸੀ.) ਦੀ ਇਕ ਉੱਚ ਪੱਧਰੀ ਮੀਟਿੰਗ ਵਿਚ ਦੱਖਣੀ ਚੀਨ ਸਾਗਰ ਵਿਚ ਚੀਨੀ ਕਾਰਵਾਈ ਨੂੰ ਲੈ ਕੇ ਅਮਰੀਕਾ ਅਤੇ ਚੀਨ ਵਿਚਾਲੇ ਤਿੱਖੀ ਬਹਿਸ ਹੋਈ। ਮੀਟਿੰਗ ਵਿਚ ਫਾਰਸ ਦੀ ਖਾੜੀ ਵਿਚ ਜਹਾਜਾਂ ’ਤੇ ਹਮਲੇ, ਗਿਨੀ ਦੀ ਖਾੜੀ ’ਚ ਸਮੁੰਦਰੀ ਲੁੱਟ ਅਤੇ ਭੂਮੱਧ ਸਾਗਰ ਅਤੇ ਅਟਲਾਂਟਿਕ ਸਾਗਰ ਵਿਚ ਮਨੁੱਖੀ ਸਮੱਗਲਿੰਗ ਦਾ ਵੀ ਪ੍ਰਮੁੱਖਤਾ ਨਾਲ ਨਾਲ ਜਕਿਰ ਕੀਤਾ ਗਿਆ।

ਅਮਰੀਕਾ ਵਿਦੇਸ਼ ਮੰਤਰੀ ਐਂਟਨੀ ਬਲਿੰਕਨ ਨੇ 5 ਸਾਲ ਪਹਿਲਾਂ ਇਕ ਟ੍ਰਿਬਿਊਨਲ ਦੇ ਫੈਸਲੇ ਵਿਚ ਚੀਨ ਦੇ ਦਾਅਵਿਆਂ ਨੂੰ ਖਾਰਿਜ ਕੀਤੇ ਜਾਣ ਦੇ ਬਾਵਜੂਦ ਦੱਖਣੀ ਚੀਨ ਸਾਗਰ ਦੇ ਹਿੱਸਿਆਂ ’ਤੇ ਉਸਦੀ ਵੱਧਦੀ ਹਮਲਾਵਰ ਨੀਤੀ ’ਤੇ ਚਿਤਾਵਨੀ ਦਿੰਦੇ ਹੋਏ ਕਿਹਾ ਕਿ ਉਥੇ ਜਾਂ ਦੁਨੀਆ ਵਿਚ ਕਿਸੇ ਵੀ ਮਹਾਸਾਗਰ ਵਿਚ ਟਕਰਾਅ ਦਾ ਸੁਰੱਖਿਆ ਅਤੇ ਵਪਾਰਕ ਦੇ ਲਿਹਾਜ ਨਾਲ ਗੰਭੀਰ ਗਲੋਬਲ ਪ੍ਰਭਾਵ ਪਵੇਗਾ। ਉਨ੍ਹਾਂ ਨੇ ਕਿਹਾ ਕਿ ਦੱਖਣੀ ਚੀਨ ਸਾਗਰ ਵਿਚ ਅਸੀਂ ਜਹਾਜਾਂ ਵਿਚਾਲੇ ਖਤਰਨਾਕ ਮੁਠਭੇੜ ਅਤੇ ਗੈਰ-ਕਾਨੂੰਨੀ ਸਮੁੰਦਰੀ ਦਾਅਵਿਆਂ ਨੂੰ ਲੈ ਕੇ ਉਕਸਾਉਣ ਵਾਲੀ ਕਾਰਵਾਈ ਦੇਖੀ ਹੈ। ਚੀਨ ਦੇ ਉਪ ਰਾਜਦੂਤ ਦਾਈ ਬਿੰਗ ਨੇ ਮੀਟਿੰਗ ਵਿਚ ਅਮਰੀਕਾ ’ਤੇ ਪਲਟਵਾਰ ਕਰਦੇ ਹੋਏ ਦੱਖਣੀ ਚੀਨ ਸਾਗਰ ਵਿਚ ਸ਼ਾਂਤੀ ਅਤੇ ਅਸਥਿਰਤਾ ਲਈ ਉਸਦਾ ਸਭ ਤੋਂ ਵੱਡਾ ਖਤਰਾ ਬਣਨ ਦਾ ਦੋਸ਼ ਲਗਾਇਆ।

## ਪਤਨੀ ਤੇ ਸੱਸ ਦੇ ਸਤਾਏ ਪਤੀ ਨੇ ਗੋਲੀਆਂ ਚਲਾਈਆਂ

**ਲੁਧਿਆਣਾ/ਸੁਖਚੈਨ ਮਹਿਰਾ**



ਲੁਧਿਆਣਾ ਦੇ ਹੈਬੋਵਾਲ ਇਲਾਕੇ ਦੇ ਪਟੇਲ ਨਗਰ ਵਿਚ ਨੌਜਵਾਨ ਨੇ ਆਪਣੀ ਪਤਨੀ ਅਤੇ ਸੱਸ ਨੂੰ ਗੋਲੀ ਮਾਰ ਕੇ ਜ਼ਖ਼ਮੀ ਕਰ ਦਿੱਤਾ ਤੇ ਫਰਾਰ ਹੋ ਗਿਆ। ਦੋਵਾਂ ਜਖਮੀਆਂ ਨੂੰ ਗੁਆਂਢੀਆਂ ਨੇ ਹਸਪਤਾਲ ਵਿੱਚ ਦਾਖਲ ਕਰਵਾਇਆ ਜਿਥੇ ਦੋਵਾਂ ਦੀ ਹਾਲਤ ਗੰਭੀਰ ਹੈ। ਪ੍ਰਾਪਤ ਜਾਣਕਾਰੀ ਮੁਤਾਬਕ ਘਰੇਲੂ ਕਲੇਸ਼ ਕਾਰਨ ਜਸਵਿੰਦਰ ਸਿੰਘ ਨੇ ਅੱਜ ਸਵੇਰੇ 6 ਵਜੇ ਪਤਨੀ ਜਸਪ੍ਰੀਤ ਕੌਰ ਨੂੰ ਗੋਲੀ ਮਾਰ ਦਿੱਤੀ ਤੇ ਫੇਰ ਉਹ ਪ੍ਰਤਾਪ ਨਗਰ ਗਿਆ ਜਿਥੇ ਆਪਣੀ ਸੱਸ ਵੰਦਨਾ ਨੂੰ ਗੋਲੀ ਮਾਰ ਦਿੱਤੀ।

## ਸੂਬੇ ਵਿਚ ਜਗਾ-ਜਗਾ ਲੱਗੇ ਪੁਲਿਸ ਨਾਕੇ ਏਜੰਸੀਆਂ ਵਲੋ ਹਾਈ ਅਲਰਟ




**ਮੋਗਾ/ਲੋਕ ਬਾਣੀ**

ਅੰਮ੍ਰਿਤਸਰ ਖੇਤਰ ਦੇ ਸਰਹੱਦੀ ਪਿੰਡ ਡਾਲੇਕੇ ’ਚੋਂ ਟਿਫਿਨ ਬੰਬ ਬਰਾਮਦ ਹੋਣ ਬਾਅਦ ਸੂਬੇ ’ਚ ਪੁਲੀਸ ਨੂੰ ਹਾਈ ਅਲਰਟ ਕੀਤਾ ਗਿਆ ਹੈ। ਆਜ਼ਾਦੀ ਦਿਹਾੜੇ ਉੱਤੇ ਸੁਰੱਖਿਆ ਦੇ ਮੱਦੇਨਜਰ ਅੰਮ੍ਰਿਤਸਰ, ਜਲੰਧਰ ਤੇ ਲੁਧਿਆਣਾ ਪੁਲੀਸ ਕਮਿਸ਼ਨਰ ਅਤੇ ਸੂਬੇ ਭਰ ’ਚ ਸਾਰੇ ਜਲ੍ਹਿਾ ਪੁਲੀਸ ਮੁਖੀਆਂ ਨਾਲ ਐਸਪੀ ਪੱਧਰ ਦੇ 22 ਹੋਰ ਨਵੇਂ ਅਧਿਕਾਰੀ ਲਗਾ ਦਿੱਤੇ ਹਨ। ਡੀਐੱਸਪੀ ਧਰਮਕੋਟ ਸੁਬੇਗ ਸਿੰਘ ਨੇ ਕਿਹਾ ਕਿ ਡੀਜੀਪੀ ਦਿਨਕਰ ਗੁਪਤਾ ਅਤੇ ਐੱਸਐੱਸਪੀ ਹਰਮਨਬੀਰ ਸਿੰਘ ਗਿੱਲ ਦੀਆਂ ਹਦਾਇਤਾਂ ਉੱਤੇ ਵਿਸੇਸ਼ ਨਾਕਾਬੰਦੀ ਕਰਕੇ ਵਾਹਨਾ ਦੀ ਜਾਂਚ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਖੇਤਰ ਵਿੱਚ ਸਤਲੁਜ ਦਰਿਆ ਤੇ ਹੋਰ ਕਈ ਅਹਿਮ ਸਥਾਨਾ ਉੱਤੇ ਗਸ਼ਤ ਤੇਜ਼ ਕਰ ਦਿੱਤੀ ਗਈ ਹੈ। ਸੂਬੇ’ਚ ਹਾਈਅਲਰਟ ਦੌਰਾਨ ਆਜ਼ਾਦੀ ਦਿਹਾੜੇ ’ ਤੇ ਸੁਰੱਖਿਆ ਦੀ ਪੁਖਤਾ ਵਿਵਸਥਾ ਕੀਤੀ ਜਾ ਰਹੀ ਹੈ ਅਤੇ ਸ਼ੱਕੀ ਲੋਕਾਂ ਦੀ ਗਤੀਵਿਧੀ ਉੱਤੇ ਨਜਰ ਰੱਖਣ ਲਈ ਪੁਲੀਸ ਅਤੇ ਖੁਫੀਆ ਏਜੰਸੀਆਂ ਸੁਚੇਤ ਹੋ ਗਈਆਂ ਹਨ। ਏਅਰਪੋਰਟ, ਬੱਸ ਅੱਡਿਆਂ ਅਤੇ ਹੋਰ ਭੀੜ ਭੜੱਕੇ ਵਾਲੀਆਂ ਜਨਤਕ ਥਾਵਾਂ ਸਥਾਨਾ ਦੀ ਸੁਰੱਖਿਆ ਵਧਾ ਦਿੱਤੀ ਗਈ ਹੈ। ਗਸ਼ਤ ਤੇਜ਼ ਕਰਨ ਤੋਂ ਇਲਾਵਾ ਸੂਬਾ ਭਰ ’ਚ ਪੁਲੀਸ ਵੱਲੋਂ ਅੰਤਰ ਜਲ੍ਹਿਾ ਹੱਦਾਂ ਉੱਤੇ ਨਾਕੇ ਲਗਾਏ ਗਏ ਹਨ ਅਤੇ ਹਰ ਸ਼ੱਕੀ ਵਾਹਨ ਦੀ ਤਲਾਸ਼ੀ ਲਈ ਜਾ ਰਹੀ ਹੈ।

## ਜੰਮੂ ਕਸ਼ਮੀਰ ਵਿਚ ਧਾਰਾ 370 ਹਟਾਉਣ ਤੋ ਬਾਅਦ ਵੀ ਜਾਇਦਾਦ ਖਰੀਦਣ ਵਾਲਿਆਂ ਦੀ ਕਮੀ



**ਨਵੀਂ ਦਿੱਲੀ/ਲੋਕ ਬਾਣੀ**

ਸਰਕਾਰ ਨੇ ਅੱਜ ਲੋਕ ਸਭਾ ਵਿੱਚ ਦੱਸਿਆ ਕਿ 5 ਅਗਸਤ 2019 ਵਿੱਚ ਧਾਰਾ 370 ਨੂੰ ਹਟਾਉਣ ਤੋਂ ਬਾਅਦ ਜੰਮੂ-ਕਸਮੀਰ ਬਾਹਰਲੇ ਸਿਰਫ ਦੋ ਲੋਕਾਂ ਨੇ ਦੋ ਜਾਇਦਾਦਾਂ ਖਰੀਦੀਆਂ ਹਨ। ਕੇਂਦਰੀ ਗ੍ਰਹਿ ਰਾਜ ਮੰਤਰੀ ਨਿਤਿਆਨੰਦ ਰਾਏ ਨੇ ਸਵਾਲ ਦੇ ਲਿਖਤੀ ਜਵਾਬ ਵਿੱਚ ਇਹ ਜਾਣਕਾਰੀ ਦਿੱਤੀ।

## ਹਾਈ ਕੋਰਟ ਹੋਈ ਸੰਸਦ ਮੈਂਬਰਾਂ ਦੇ ਮਾਮਲਿਆਂ ਵਿਚ ਸਖਤ

**ਦਿੱਲੀ/ਕਪੂਰ**

ਸੁਪਰੀਮ ਕਰੋਟ ਅੱਜ ਅਹਿਮ ਫੈਸਲੇ ਵਿੱਚ ਕਿਹਾ ਹੈ ਕਿ ਸੰਸਦ ਜਾਂ ਵਿਧਾਇਕਾਂ ਵਿਰੁਧ ਅਪਰਾਧਿਕ ਮਾਮਲਿਆਂ ਨੂੰ ਹਾਈ ਕੋਰਟਾਂ ਦੀ ਇਜਾਜਤ ਬਗੈਰ



ਇਸਤਗਾਸਾ ਧਿਰ ਵੱਲੋਂ ਵਾਪਸ ਨਹੀਂ ਲਿਆ ਜਾ ਸਕਦਾ। ਸਰਵਉੱਚ ਅਦਾਲਤ ਨੇ ਕਿਹਾ ਕਿ ਕਾਨੂੰਨ ਬਣਾਉਣ ਵਾਲਿਆਂ ਵਿਰੁਧ ਮਾਮਲਿਆਂ ਦੀ ਸੁਣਵਾਏ ਕਰ ਰਹੇ ਵਿਸੇਸ ਜੱਜਾਂ ਨੂੰ ਬਦਲਿਆ ਨਹੀਂ ਜਾਵੇਗਾ। ਇਸ ਦੌਰਾਨ ਸਰਵਉੱਚ ਅਦਾਲਤ ਨੇ ਸੰਸਦ ਮੈਂਬਰਾਂ ਤੇ ਵਿਧਾਇਕਾਂ ਖਲਿਾਫ ਲਟਕ ਰਹੇ ਤੇ ਨਿਬੇੜੇ ਗਏ ਕੇਸਾਂ ਬਾਰੇ ਹਾਈ ਕੋਰਟਾਂ ਦੇ ਰਜਿਸਟਰਾਰ ਜਨਰਲਾਂ ਪਾਸੋਂ ਜਾਣਕਾਰੀ ਮੰਗੀ ਹੈ।

## 21 ਸਤੰਬਰ ਤੱਕ ਨਹੀਂ ਜਾ ਸਕਣਗੇ ਯਾਤਰੀ ਕਨੇਡਾ

**ਨਵੀਂ ਦਿੱਲੀ/ਕਪੂਰ**

ਕੈਨੇਡਾ ਸਰਕਾਰ ਵਲੋਂ ਕਰੋਨਾ ਕਾਰਨ ਭਾਰਤ ਤੋਂ ਸਿੱਧੀ ਉਡਾਣ ’ਤੇ ਲਗਾਈ ਪਾਬੰਦੀ 21 ਸਤੰਬਰ ਤੱਕ ਵਾਧਾ ਦਿੱਤੀ ਗਈ ਹੈ। ਇਹ ਪਾਬੰਦੀ ਪਹਿਲਾਂ 22 ਅਪਰੈਲ ਨੂੰ ਲਗਾਈ ਗਈ ਸੀ ਅਤੇ ਸਰਕਾਰ ਇਸ ਨੂੰ ਲਗਾਤਾਰ ਵਧਾ ਰਹੀ ਹੈ।

## ਅੰਮ੍ਰਿਤਸਰ : ਸਕੂਲ ਬੱਸ ਦੀ ਟੱਕਰ ਕਾਰਨ ਕਾਰ ਸਵਾਰ ਪਤੀ-ਪਤਨੀ ਦੀ ਮੌਤ, 10 ਬੱਚੇ ਜਖਮੀ



**ਅੰਮ੍ਰਿਤਸਰ/ਲੋਕ ਬਾਣੀ :** ਇਥੇ ਕਸ਼ਮੀਰ ਰੋਡ ’ਤੇ ਸੋਹੀਆ ਮੋੜ ਨੇੜੇ ਸਕੂਲ ਬੱਸ ਦੇ ਕਾਰ ਨਾਲ ਟਕਰਾਉਣ ਕਾਰਨ ਦੋ ਵਿਅਕਤੀਆਂ ਦੀ ਮੌਤ ਹੋ ਗਈ ਹੈ ਤੇ 10 ਬੱਚੇ ਜਖਮੀ ਹੋ ਗਏ। ਮ੍ਰਿਤਕਾਂ ਦੀ ਸ਼ਨਾਖਤ ਨਰਿੰਦਰਪਾਲ ਸਿੰਘ ਵਾਸੀ ਜੰਮੂ-ਕਸਮੀਰ ਅਤੇ ਉਸ ਦੀ ਪਤਨੀ ਵਜੋਂ ਹੋਈ ਹੈ। ਏਐੱਸਆਈ ਨਰੇਸ਼ ਕੁਮਾਰ ਨੇ ਦੱਸਿਆ ਕਿ ਨਿੱਜੀ ਸਕੂਲ ਬੱਸ ਅੰਮ੍ਰਿਤਸਰ ਵੱਲ ਨੂੰ ਆ ਰਹੀ ਸੀ ਅਤੇ ਅਤੇ ਬੇਕਾਬੂ ਹੋ ਕੇ ਡਿਵਾਈਡਰ ਨੂੰ ਪਾਰ ਕਰਦੀ ਹੋਈ ਸੜਕ ਦੇ ਦੂਜੇ ਪਾਸੇ ਆ ਗਈ। ਇਸ ਕਾਰਨ ਉਸ ਦੀ ਜੰਮੂ-ਕਸਮੀਰ ਨੰਬਰ ਦੀ ਆਲਟੋ ਕਾਰ ਨਾਲ ਟੱਕਰ ਹੋ ਗਈ। ਟੱਕਰ ਕਾਰਨ ਕਾਰ ਵਿੱਚ ਸਵਾਰ ਨਰਿੰਦਰਪਾਲ ਸਿੰਘ ਦੀ ਮੌਕੇ ’ਤੇ ਮੌਤ ਹੋ ਗਈ ਅਤੇ ਉਸ ਦੀ ਪਤਨੀ ਨੂੰ ਨਿੱਜੀ ਹਸਪਤਾਲ ਵਿਚ ਇਲਾਜ ਲਈ ਭੇਜਿਆ ਗਿਆ, ਜਿਥੇ ਉਸ ਦੀ ਵੀ ਮੌਤ ਹੋ ਗਈ।



ਗੁਰਦਾਸਪੁਰ ਤੋਂ 15 ਅਗਸਤ ਨੂੰ ਅਜਾਦੀ ਦਿਹਾੜੇ ਨੂੰ ਸਮਰਪਿਤ ਰੋਜਾਨਾ ਲੋਕ ਬਾਣੀ ਅਖਬਾਰ ਵਿੱਚ ਰੰਗਦਾਰ ਸਪਲੀਮੈਂਟ ਕੱਢਿਆ ਜਾ ਰਿਹਾ ਹੈ। ਇਸ਼ਤਿਹਾਰ ਦੇਣ ਲਈ ਗੁਰਦਾਸਪੁਰ ਤੋ ਸਾਡੇ ਪੱਤਰਕਾਰ ਜਤਿੰਦਰ ਕੁਮਾਰ ਨਾਲ ਸੰਪਰਕ ਕੀਤਾ ਜਾਵੇ ਜੀ।

9877586661

ਪੰਜਾਬ ਦੇ ਹਰ ਜ਼ਿਲ੍ਹੇ ਤੋਂ ਰੋਜ਼ਾਨਾ ਲੋਕ ਬਾਣੀ ਅਖ਼ਬਾਰ ਲਈ ਪੱਤਰਕਾਰਾਂ ਦੀ ਲੋੜ ਹੈ ਚਾਹਵਾਨ ਪੱਤਰਕਾਰ ਸੰਪਰਕ ਕਰਨ ਮੁੱਖ ਦਫਤਰ

ਲੋਕ ਬਾਣੀ ਸੰਗਮ ਕੰਪਲੈਕਸ, ਮਿਲਾਪ ਚੌਕ ਜਲੰਧਰ 99155-94111

# ਸਿਹਤ ਵਿਭਾਗ ਨੂੰ ਲੂੰਬਾ ਵਰਗੇ ਸਮਾਜ ਸੇਵੀ ਕਰਮਚਾਰੀਆਂ ਤੇ ਮਾਣ ਹੈ : ਡਾ. ਬਾਜਵਾ



**ਮੋਗਾ /ਦਵਿੰਦਰ ਸਿੰਘ ਬਿੱਟੂ**

ਸਿਵਲ ਸਰਜਨ ਦਫਤਰ ਮੋਗਾ ਵਿੱਚ ਸਿਹਤ ਸੁਪਰਵਾਈਜਰ ਦੇ ਅਹੁਦੇ ਤੇ ਕੰਮ ਕਰ ਰਹੇ ਮਹਿੰਦਰ ਪਾਲ ਲੂੰਬਾ ਨਾ ਸਿਰਫ ਆਪਣੇ ਡਿਊਟੀ ਪ੍ਰਤੀ ਫਰਜਾਂ ਨੂੰ ਬਾਖੂਬੀ ਨਿਭਾਉਦੇ ਹਨ, ਬਲਕਿ ਸਮਾਜ ਪ੍ਰਤੀ ਵੀ ਆਪਣੀਆਂ ਬਣਦੀਆਂ ਜਿੰਮੇਵਾਰੀਆਂ ਨੂੰ ਆਪਣਾ ਫਰਜ ਸਮਝ ਕੇ ਨਿਭਾ ਰਹੇ ਹਨ।ਇਨ੍ਹਾਂ ਦੀ ਸਖਸ਼ੀਅਤ ਸਾਡੇ ਸਭ ਲਈ ਪ੍ਰੇਰਨਾਦਾਇਕ ਹੈ, ਜਿਨ੍ਹਾਂ ਤੋਂ ਸਾਨੂੰ ਬਹੁਤ ਕੁੱਝ ਸਿੱਖਣ ਲਈ ਮਿਲਦਾ ਹੈ।ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਸਿਵਲ ਸਰਜਨ ਮੋਗਾ ਡਾ ਅਮਨਪ੍ਰੀਤ ਕੌਰ ਬਾਜਵਾ ਜੀ ਨੇ ਅੱਜ ਸਿਵਲ ਸਰਜਨ ਦਫਤਰ ਮੋਗਾ ਵਿਖੇ 17 ਲੋੜਵੰਦ ਪਰਿਵਾਰਾਂ ਨੂੰ ਰਾਸ਼ਨ ਕਿੱਟਾਂ ਦੀ ਵੰਡ ਕਰਨ ਮੌਕੇ ਕੀਤਾ।ਉਨ੍ਹਾਂ ਦੱਸਿਆ ਕਿ ਦਾਨੀ ਸੱਜਣਾਂ ਦੇ ਸਹਿਯੋਗ ਨਾਲ ਮਹਿੰਦਰ ਪਾਲ ਲੂੰਬਾ ਵੱਲੋਂ ਲੋੜਵੰਦਾਂ ਲਈ ਰਾਸ਼ਨ ਸੇਵਾ ਸ਼ੁਰੂ ਕੀਤੀ ਗਈ ਸੀ ਤੇ ਹੁਣ ਤੱਕ 82 ਪਰਿਵਾਰਾਂ ਨੂੰ ਰਾਸ਼ਨ ਕਿੱਟਾਂ ਦਿੱਤੀਆਂ ਜਾ ਚੁੱਕੀਆਂ ਹਨ, ਜਿਸ ਵਿੱਚ ਹੋਰਨਾਂ ਦਾਨੀ ਸੱਜਣਾਂ ਤੋਂ ਇਲਾਵਾ ਸਿਵਲ ਹਸਪਤਾਲ ਅਤੇ ਦਫਤਰ ਸਿਵਲ ਸਰਜਨ ਮੋਗਾ ਦੇ ਕਰਮਚਾਰੀ ਵੀ ਆਪਣਾ ਯੋਗਦਾਨ ਪਾ ਰਹੇ ਹਨ।ਇਸ ਮੌਕੇ ਉਨ੍ਹਾਂ ਆਪਣੇ ਵੱਲੋਂ ਵੀ ਦੋ ਪਰਿਵਾਰਾਂ ਨੂੰ ਰਾਸ਼ਨ ਦੇਣ ਲਈ ਸਹਾਇਤਾ ਦਿੱਤੀ। ਇਸ ਮੌਕੇ ਦਫਤਰ ਸਿਵਲ ਸਰਜਨ ਮੋਗਾ ਦੇ ਕਰਮਚਾਰੀ ਛਤਰਪਾਲ ਸਿੰਘ ਵੱਲੋਂ 2100 ਰੁਪਏ, ਗੁਰਬਚਨ ਸਿੰਘ ਕੰਗ ਵੱਲੋਂ 2000 ਰੁਪਏ, ਰੁਪੇਸ਼ ਮਜੀਠੀਆ ਵੱਲੋਂ 1100 ਰੁਪਏ ਅਤੇ ਅੰਕੁਸ਼ ਸੂਦ ਵੱਲੋਂ 500 ਰੁਪਏ ਦਾ ਯੋਗਦਾਨ ਪਾਇਆ ਗਿਆ। ਉਘੇ ਸਮਾਜ ਸੇਵੀ ਅਤੇ ਪਿੰਡ ਬੁੱਘੀਪੁਰਾ ਨਿਵਾਸੀ ਚਰਨਜੀਤ ਸ਼ਰਮਾ ਫਿਨਲੈਂਡ ਵੱਲੋਂ 4100 ਰੁਪਏ ਅਤੇ ਮਹਿੰਦਰ ਪਾਲ ਲੂੰਬਾ ਦੇ ਬੇਟੇ ਰਿਸ਼ਭ ਲੂੰਬਾ ਵੱਲੋਂ ਵੀ 3100 ਰੁਪਏ ਦਾ ਯੋਗਦਾਨ ਪਾਇਆ ਗਿਆ।ਇਸ ਤੋਂ ਇਲਾਵਾ ਪਿੰਡ ਘੱਲਕਲਾਂ ਦੇ ਨਿਵਾਸੀ ਇੱਕ ਪਰਿਵਾਰ ਵੱਲੋਂ ਆਪਣੇ ਬੇਟੇ ਦੇ ਜਨਮ ਦਿਨ ਦੀ ਖੁਸ਼ੀ ਵਿੱਚ ਦੋ ਪਰਿਵਾਰਾਂ ਨੂੰ ਰਾਸ਼ਨ ਕਿੱਟਾਂ ਦੇਣ ਲਈ ਸਹਾਇਤਾ ਰਾਸ਼ੀ ਭੇਜੀ ਗਈ। ਉਕਤ ਸਭ ਦਾਨੀ ਸੱਜਣਾਂ ਦਾ ਧੰਨਵਾਦ ਕਰਦਿਆਂ ਸਮਾਜ ਸੇਵੀ ਮਹਿੰਦਰ ਪਾਲ ਲੂੰਬਾ ਨੇ ਦੱਸਿਆ ਕਿ ਇਸ ਪ੍ਰੋਜੈਕਟ ਅਧੀਨ ਹੁਣ ਤੱਕ 70 ਹਜਾਰ ਰੁਪਏ ਆ ਚੁੱਕੇ ਹਨ, ਜਿਸ ਨਾਲ 82 ਅਤਿ ਲੋੜਵੰਦ ਪਰਿਵਾਰਾਂ ਨੂੰ ਰਾਸ਼ਨ ਕਿੱਟਾਂ ਦਿੱਤੀਆਂ ਗਈਆਂ ਹਨ ਤੇ ਹੁਣ ਇਹ ਰਾਸ਼ੀ ਖਤਮ ਹੋ ਗਈ ਹੈ ਜਿਸ ਕਾਰਨ ਰਾਸ਼ਨ ਸੇਵਾ ਨੂੰ ਵਿਰਾਮ ਦੇਣਾ ਪੈ ਰਿਹਾ ਹੈ ਜਦਕਿ ਹਾਲੇ ਵੀ ਬਹੁਤ ਸਾਰੇ ਲੋੜਵੰਦ ਪਰਿਵਾਰ ਰਾਸ਼ਨ ਲਈ ਪਹੁੰਚ ਕਰ ਰਹੇ ਹਨ।

# ਜ਼ਿਲ੍ਹਾ ਸਿੱਖਿਆ ਅਫਸਰ ਨੇ ਬੀਪੀਈਓ, ਪੜ੍ਹੋ ਪੰਜਾਬ ਪੜ੍ਹਾਓ ਪੰਜਾਬ ਟੀਮ ਅਤੇ ਦਫਤਰੀ ਅਮਲੇ ਨਾਲ ਕੀਤੀ ਮੀਟਿੰਗ




- ਮੀਟਿੰਗ ਵਿੱਚ ਨੈਸਨਲ ਅਚੀਵਮੈਂਟ ਸਰਵੇ, ਨਵਾਂ ਦਾਖਲਾ, ਸਿਵਲ ਵਰਕਸ ਦੇ ਕੰਮਾਂ, ਸਾਫ ਸਫਾਈ ਅਤੇ ਹੋਰ ਕੰਮਾਂ ਤੇ ਕੀਤੀ ਚਰਚਾ
- ਕੋਵਿਡ 19 ਦੀਆਂ ਹਦਾਇਤਾਂ ਦੀਆਂ ਸਖਤੀ ਨਾਲ ਪਾਲਣਾ ਕਰਨ ਦੇ ਦਿੱਤੇ ਨਿਰਦੇਸ

**ਪਠਾਨਕੋਟ/ਵਿਨੀਤ ਕੁਮਾਰ**

ਜ਼ਿਲ੍ਹਾ ਸਿੱਖਿਆ ਅਫਸਰ ਬਲਦੇਵ ਰਾਜ ਵੱਲੋਂ ਅੱਜ ਜਲ੍ਹਿੇ ਦੇ ਸਮੂਹ ਬੀਪੀਈਓ, ਡੀਐਸਐਮ, ਪੜ੍ਹੋ ਪੰਜਾਬ ਪੜ੍ਹਾਓ ਪੰਜਾਬ ਟੀਮ, ਮੀਡੀਆ ਟੀਮ ਅਤੇ ਦਫਤਰੀ ਅਮਲੇ ਨਾਲ, ਨੈਸਨਲ ਅਚੀਵਮੈਂਟ ਸਰਵੇ, ਨਵਾਂ ਦਾਖਲਾ, ਸਿਵਲ ਵਰਕਸ ਦੇ ਕੰਮਾਂ, ਸਾਫ ਸਫਾਈ, ਸਕੂਲਾਂ ਦੇ ਸਰਕਾਰੀ ਖਾਤੇ ਖੁਲਵਾਉਣ ਅਤੇ ਹੋਰ ਕੰਮਾਂ ਨੂੰ ਲੈਕੇ ਮੀਟਿੰਗ ਕੀਤੀ ਗਈ। ਮੀਟਿੰਗ ਵਿੱਚ ਡੀਐਸਐਮ ਬਲਵਿੰਦਰ ਸੈਣੀ, ਬੀਪੀਈਓ ਕੁਲਦੀਪ ਸਿੰਘ, ਬੀਪੀਈਓ ਰਾਕੇਸ ਠਾਕੁਰ, ਬੀਪੀਈਓ ਰਿਸਮਾਂ ਦੇਵੀ, ਬੀਪੀਈਓ ਨਰੇਸ ਪਨਿਆੜ, ਬੀਪੀਈਓ ਪੰਕਜ ਅਰੋੜਾ, ਕਾਰਜਕਾਰੀ ਬੀਪੀਈਓ ਵਿਜੇ ਸਿੰਘ, ਏਪੀਸੀ ਜਨਰਲ ਮਲਕੀਤ ਸਿੰਘ, ਏਪੀਸੀ ਫਾਈਨਾਂਸ ਸੁਮਿਤ ਕੁਮਾਰ, ਜਲ੍ਹਿਾ ਕੋਆਰਡੀਨੇਟਰ ਐਮਆਈਐਸ ਮੁਨੀਸ ਗੁਪਤਾ, ਸਟੈਨੋ ਤਰੁਣ ਪਠਾਨੀਆ, ਜੇਈ ਨਰਿੰਦਰ ਸਿੰਘ, ਪੜ੍ਹੋ ਪੰਜਾਬ ਪੜ੍ਹਾਓ ਪੰਜਾਬ ਸਹਾਇਕ ਜਲ੍ਹਿਾ ਕੋਆਰਡੀਨੇਟਰ ਰਾਜੇਸ ਕੁਮਾਰ, ਸਮਾਰਟ ਸਕੂਲ ਕੋਆਰਡੀਨੇਟਰ ਸੰਜੀਵ ਮਨੀ, ਜਸਵੀਰ ਸਿੰਘ, ਜਲ੍ਹਿਾ ਕੋਆਰਡੀਨੇਟਰ ਮੀਡੀਆ ਸੈਲ ਬਲਕਾਰ ਅੱਤਰੀ ਆਦਿ ਸਾਮਲ ਹੋਏ। ਮੀਟਿੰਗ ਦੌਰਾਨ ਹਰ ਇੱਕ ਨੇ ਆਪਣੇ ਆਪਣੇ ਵਿਸੇ ਬਾਰੇ ਰਿਪੋਰਟ ਪੇਸ ਕੀਤੀ।

ਮੀਟਿੰਗ ਦੌਰਾਨ ਜਿਥੇ ਜਲ੍ਹਿਾ ਸਿੱਖਿਆ ਅਫਸਰ ਐਲੀਮੈਂਟਰੀ ਬਲਦੇਵ ਰਾਜ ਵੱਲੋਂ ਸਿਵਲ ਵਰਕਸ ਦੇ ਕੰਮਾਂ ਦੀ ਪ੍ਰਗਤੀ ਰਿਪੋਰਟ ਦਾ ਜਾਇਜ਼ਾ ਲਿਆ ਗਿਆ ਅਤੇ ਰਹਿੰਦੇ ਕੰਮ ਪੂਰਾ ਕਰਨ ਲਈ ਕਿਹਾ ਗਿਆ, ਉਥੇ ਹੀ ਬਰਸਾਤਾਂ ਦੇ ਮੌਸਮ ਨੂੰ ਧਿਆਨ ਵਿੱਚ ਰੱਖਦੇ ਹੋਏ ਸਕੂਲਾਂ ਵਿੱਚ ਸਾਫ ਸਫਾਈ ਵੱਲ ਵੀ ਵਿਸੇਸ ਧਿਆਨ ਦੇਣ ਲਈ ਅਧਿਆਪਕਾਂ ਨੂੰ ਪ੍ਰੇਰਿਤ ਕਰਨ ਲਈ ਕਿਹਾ ਗਿਆ।

ਉਨ੍ਹਾਂ ਨੇ ਬੀਪੀਈਓ ਅਤੇ ਪੜ੍ਹੋ ਪੰਜਾਬ ਪੜ੍ਹਾਓ ਪੰਜਾਬ ਟੀਮ ਨੂੰ ਕਿਹਾ ਕਿ ਲਗਭਗ ਡੇਢ ਸਾਲ ਬਾਅਦ ਸਕੂਲ ਵਿੱਚ ਆਏ ਵਿਦਿਆਰਥੀਆਂ ਨੂੰ ਮਿਹਨਤ ਨਾਲ ਪੜਾਉਣ ਅਤੇ ਨੈਸ਼ਨਲ ਅਚੀਵਮੈਂਟ ਸਰਵੇ ਦੀ ਜੋਰਦਾਰ ਤਿਆਰੀ ਕਰਾਉਣ ਲਈ ਅਧਿਆਪਕਾਂ ਨੂੰ ਪ੍ਰੇਰਿਤ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਪੂਰੀ ਉਮੀਦ ਹੈ ਕਿ ਅਧਿਆਪਕਾਂ ਦੀ ਮਿਹਨਤ ਨਾਲ ਜ਼ਿਲ੍ਹਾ ਪਠਾਨਕੋਟ ਨਵੰਬਰ ਮਹੀਨੇ ਹੋਣ ਵਾਲੇ ਨੈਸਨਲ ਅਚੀਵਮੈਂਟ ਸਰਵੇ ਵਿੱਚ ਇੱਕ ਸਨਮਾਨਯੋਗ ਸਥਾਨ ਹਾਸਲ ਕਰੇਗਾ। ਉਨ੍ਹਾਂ ਨੇ ਦੱਸਿਆ ਕਿ ਵਿਦਿਆਰਥੀਆਂ ਦੀ ਸਿਹਤ ਸੰਭਾਲ ਸਾਡੀ ਪਹਿਲੀ ਜੁੰਮੇਵਾਰੀ ਹੈ। ਅਸੀ ਆਪ ਕਰੋਨਾ ਮਹਾਂਮਾਰੀ ਤੋਂ ਬਚਣਾ ਹੈ ਅਤੇ ਆਪਣੇ ਵਿਦਿਆਰਥੀਆਂ ਨੂੰ ਵੀ ਬਚਾਉਣਾ ਹੈ। ਇਸ ਲਈ ਸਮੂਹ ਅਧਿਕਾਰੀ ਵਿਭਾਗ ਵੱਲੋਂ ਜਾਰੀ ਕੋਵਿਡ 19 ਦੀਆਂ ਹਦਾਇਤਾਂ ਦੀ ਆਪ ਵੀ ਪਾਲਣਾ ਕਰਨ ਅਤੇ ਸਕੂਲਾਂ ਵਿੱਚ ਵੀ ਕੋਵਿਡ 19 ਦੀਆਂ ਹਦਾਇਤਾਂ ਦੀ ਪਾਲਣਾ ਕਰਵਾਉਣਾ ਯਕੀਨੀ ਬਣਾਉਣ।

# ਇੱਕੋ ਰਾਤ ਤਿੰਨ ਦੁਕਾਨਾਂ ਤੇ ਹੋਈ ਚੋਰੀ, ਕੋਈ ਵੱਡਾ ਨੁਕਸਾਨ ਹੋਣ ਤੋਂ ਬਚਾਅ




**ਗੁਰਦਾਸਪੁਰ-ਨਵਨੀਤ ਕੁਮਾਰ/ਮੰਗੋਤਰਾ ਸਾਬ**

ਪੁਲਿਸ ਥਾਣਾ ਦੋਰਾਂਗਲਾ ਅਧੀਂਨ ਆਉਂਦੇ ਬਜਾਰ ਦੋਰਾਂਗਲਾ ਵਿੱਚ ਇੱਕੋ ਰਾਤ ਤਿੰਨ ਦੁਕਾਨਾਂ ਤੇ ਚੋਰੀ ਹੋਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ ।ਪ੍ਰਾਪਤ ਜਾਣਕਾਰੀ ਅਨੁਸਾਰ ਰਜਿੰਦਰ ਮੈਡੀਕਲ ਸਟੋਰ,ਬਾਜਵਾ ਮੈਡੀਕਲ ਸਟੋਰ ਅਤੇ ਰਾਜ ਇਲੈਕਟਰੋਨਿਕ ਦੀ ਦੁਕਾਨ ਨੂੰ ਨਿਸਾਨਾ ਬਣਾਇਆ ਹੈ ।ਇਸ ਸਮੇਂ ਸਮੂਹ ਦੁਕਾਨਦਾਰਾਂ ਵੱਲੋਂ ਸਾਂਝੇ ਤੌਰ ਤੇ ਦੱਸਿਆ ਕਿ ਚੋਰ ਦੁਕਾਨਾਂ ਅੰਦਰੋਂ ਐੱਲ ਈ ਡੀ ਅਤੇ ਏ ਸੀ ਚੋਰੀ ਕਰਨ ਦੀ ਨੀਅਤ ਨਾਲ ਆਏ ਸੀ ,ਪਰ ਕਿਸੇ ਵਾਹਨ ਦੇ ਆ ਜਾਣ ਕਰਕੇ ਛੋਟੀ ਮੋਟੀਆਂ ਚੀਜਾਂ ਹੀ ਲੈ ਕੇ ਫ਼ਰਾਰ ਹੋ ਗਏ ।ਇਸ ਚੋਰੀ ਸਬੰਧੀ ਜਦੋਂ ਡੀ ਐੱਸ ਪੀ ਮਹੇਸ ਸੈਣੀ ਨਾਲ ਗੱਲਬਾਤ ਕੀਤੀ ਗਈ ਤਾਂ ਉਹਨਾ ਕਿ ਚੋਰੀ ਸਬੰਧੀ ਮਾਮਲਾ ਉਹਨਾ ਦੇ ਧਿਆਨ ਵਿੱਚ ਆ ਗਿਆ ਹੈ ,ਬਹੁਤ ਜਲਦ ਹੀ ਚੋਰਾਂ ਨੂੰ ਫੜ ਲਿਆ ਜਾਵੇਗਾ ।

# 9 ਸਾਲ ਦੀ ਦਲਿਤ ਬੱਚੀ ਨਾਲ ਸਮੂਹਿਕ ਬਲਾਤਕਾਰ ਕਰਨ ਤੇ ਸਾੜਨ ਵਾਲੇ ਸਮੂਹ ਦੋਸ਼ੀਆਂ ਨੂੰ ਸਖਤ ਸਜਾਵਾਂ ਦਿੱਤੀਆਂ ਜਾਣ : ਫੋਰਮ



**ਜਲੰਧਰ/ਲੋਕ ਬਾਣੀ**

ਅੰਬੇਡਕਰਾਈਟ ਲੀਗਲ ਫੋਰਮ, ਜਲੰਧਰ ਵੱਲੋ, ਦਿੱਲੀ ਕੈਂਟ ਦੇ ਸ਼ਮਸ਼ਾਨ ਘਾਟ ਵਿੱਚ 9 ਸਾਲ ਦੀ ਦਲਿਤ ਲੜਕੀ ਨਾਲ ਬਲਾਤਕਾਰ ਕਰਕੇ ਜਲਾ ਦੇਣ ਦੀ ਘਟਨਾ ਦੀ ਘੋਰ ਨਿਖੇਧੀ ਕੀਤੀ। ਅੰਬੇਡਕਰਾਈਟ ਲੀਗਲ ਫੋਰਮ, ਜਲੰਧਰ ਵੱਲੋ ਫੋਰਮ ਦੇ ਪ੍ਰਧਾਨ ਐਡਵੋਕੇਟ ਪ੍ਰਿਤਪਾਲ ਸਿੰਘ ਦੀ ਪ੍ਰਧਾਨਗੀ ਹੇਠ ਇੱਕ ਵਿਸ਼ੇਸ਼ ਮੀਟਿੰਗ ਕੀਤੀ ਗਈ ਅਤੇ ਇਸ ਵਿੱਚ ਦਿੱਲੀ ਕੈਂਟ ਦੇ ਸ਼ਮਸ਼ਾਨ ਘਾਟ ਵਿੱਚ 9 ਸਾਲ ਦੀ ਦਲਿਤ ਲੜਕੀ ਨਾਲ ਬਲਾਤਕਾਰ ਕਰਕੇ ਜਲਾ ਦੇਣ ਦੀ ਘਟਨਾ ਦੀ ਘੋਰ ਨਿਖੇਦੀ ਕਰਦਿਆਂ ਮੰਗ ਕੀਤੀ ਗਈ ਦੋਸ਼ੀਆਂ ਨੂੰ ਫਾਸਟ ਟਰੈਕ ਕੋਰਟ ਵਿੱਚ ਕੇਸ ਚਲਾ ਕੇ ਸਖਤ ਸਜਾਵਾਂ ਦਿੱਤੀਆਂ ਜਾਣ।ਇਸ ਮੌਕੇ ਕੇਂਦਰ ਸਰਕਾਰ ਦੀ ਢਿੱਲੀ ਕਾਰਗੁਜਾਰੀ ਅਤੇ ਨੀਤੀਆਂ ਦੀ ਸਖਤ ਨਿੰਦਾ ਕੀਤੀ ਗਈ ।ਆਗੂਆਂ ਨੇ ਆਖਿਆ ਕਿ ਮੋਦੀ ਸਰਕਾਰ ਦੇ ਰਾਜ ਵਿੱਚ ਧੀਆਂ ਭੈਣਾਂ ਦੇ ਸਮੂਹਿਕ ਬਲਾਤਕਾਰ ਤੇ ਸਮੂਹਿਕ ਕਤਲ ਕੀਤੇ ਜਾ ਰਹੇ ਹਨ।

ਇਸ ਮੌਕੇ ਐਡਵੋਕੇਟ ਪ੍ਰਿਤਪਾਲ ਸਿੰਘ ਪ੍ਰਧਾਨ,ਐਡਵੋਕੇਟ ਰਾਜੂ ਅੰਬੇਡਕਰ ਜ.ਸਕੱਤਰ, ਐਡਵੋਕੇਟ ਰਜਿੰਦਰ ਕੁਮਾਰ ਉਪ-ਪ੍ਰਧਾਨ, ਰਾਜਕੁਮਾਰ ਬੈਂਸ, ਹਰਪ੍ਰੀਤ ਸਿੰਘ,ਪ੍ਰੀਤਮ ਸਭਰਵਾਲ ਰਜਿੰਦਰ ਕੁਮਾਰ ਮਹਿਮੀ, ਕੁਲਦੀਪ ਭੱਟੀ, ਦਰਸ਼ਨ ਸਿੰਘ, ਹਰਭਜਨ ਸਾਂਪਲਾ,ਸਤਨਾਮ ਸੁਮਨ, ਰਮਨ ਸਿੱਧੂ, ਲਖਬੀਰ ਸਿੰਘ, ਸੰਗੀਤਾ ਸੋਨੀ,ਪਰਵੀਨ ਬਾਲਾ ਸੱਤਪਾਲ ਵਿਰਦੀ, ਤਜਿੰਦਰ ਬੱਧਣ, ਰਜਿੰਦਰ ਬੋਪਾਰਾਏ,ਪਵਨ ਵਿਰਦੀ ਜਗਜੀਵਨ ਸੰਨੀ, ਕਿਰਨ ਕੁਮਾਰ ਤੇ ਹੋਰ ਹਾਜਰ ਸਨ।

# ਮਸੀਹ ਲੋਕ ਸੇਵਾ ਦਲ ਪੰਜਾਬ 'ਚ ਸ਼ੋ੍ਮਣੀ ਅਕਾਲੀ ਦਲ ਦੀ ਮਦਦ ਕਰੇਗਾ : ਪ੍ਰਧਾਨ ਨਿਆਮਤ



**ਧਾਰੀਵਾਲ/ ਰਾਜਨ ਬੱਬਰ**

ਸ਼ਹਿਰ ਧਾਰੀਵਾਲ ਨਾਲ ਲਗਦੇ ਪਿੰਡ ਤਰਿਜ਼ਾ ਨਗਰ ਵਿਖੇ ਮੀਟਿੰਗ ਕੀਤੀ ਗਈ, ਮਸੀਹ ਲੋਕ ਸੇਵਾ ਦਲ ਪੰਜਾਬ ਦੀ ਮੀਟਿੰਗ ਪ੍ਰਧਾਨ ਨਿਆਮਤ ਮਸੀਹ ਦੀ ਪ੍ਰਧਾਨਗੀ ਹੇਠ ਕੀਤੀ ਗਈ, ਜਿਸ ਵਿਚ ਪੰਜਾਬ ਦੀ ਮੌਜੂਦਾ ਰਾਜਨੀਤਿਕ ਸਥਿਤੀ ਪ੍ਰਤੀ ਵਿਚਾਰ ਵਟਾਂਦਰਾ ਕੀਤਾ ਗਿਆ, ਇਸ ਮੀਟਿੰਗ ਵਿਚ ਸਬ ਵਲੋਂ ਇਹ ਫੈਂਸਲਾ ਲਿਆ ਗਿਆ ਕਿ ਮਸੀਹ ਲੋਕ ਸੇਵਾ ਦਲ ਪੰਜਾਬ ਵਿਧਾਨ ਸਭਾ ਚੋਣਾਂ ਵਿਚ ਸ਼ੋ੍ਮਣੀ ਅਕਾਲੀ ਦਲ ਦੀ ਮਦਦ ਕਰੇਗਾ, ਮੀਟਿੰਗ ਵਿਚ ਪ੍ਰਧਾਨ ਨਿਆਮਤ ਮਸੀਹ ਜੀ ਨੇ ਕਿਹਾ ਕੀ ਪੰਜਾਬ ਅੰਦਰ ਅਕਾਲੀ ਦਲ ਸਰਕਾਰ ਨੇ ਮਸਿਹ ਭਾਈਚਾਦੇ ਦਾ ਸਮਾਜਿਕ ਅਤੇ ਰਾਜਨੀਤਿਕ ਤੌਰ ਤੇ ਸਿਰ ਉੱਚਾ ਕਿੱਤਾ ਹੈ ਪਰ ਦੂਜੇ ਪਾਸੇ ਕਾਂਗਰਸ ਸਰਕਾਰ ਨੇ ਤਕਰੀਬਨ ਚਾਰ ਸਾਲ ਤੋਂ ਵੀ ਜਿਆਦਾ ਸਮਾਂ ਬੀਤ ਜਾਣ ਤੇ ਵੀ ਅਜੇ ਤੱਕ ਮਸੀਹੀ ਭਾਈਚਾਰੇ ਦੀ ਕੋਈ ਸਾਰ ਨਹੀ ਲਈ, ਇਸ ਮੋਕੇ ਤੇ ਬਾਊ ਪਤਰਸ ਲੁਧਿਆਣਾ ਮੋਹੱਲਾ, ਸੋਨੂ ਦਿਨਪੁਰ , ਲਾਡੀ ਸੁਜਾਨਪੁਰ, ਸੱਤਾ ਕਲਿਆਨਪੁਰ, ਮਹਿੰਦਰ ਮਸੀਹ ਪੂਰੋਵਾਲ, ਕਰਨੈਲ ਸਿੰਘ ਕਲਿਆਨਪੁਰ, ਰਮੇਸ਼ ਸਾਬਕਾ ਸਰਪੰਚ ਤਲਵੰਡੀ, ਮਾਨਾ ਤਰਿਜਾ ਨਗਰ, ਸੜਕ ਮਸੀਹ, ਰਜਿੰਦਰ ਕਲਿਆਨਪੁਰ, ਜਿਤਾ ਤਲਵੰਡੀ, ਸੋਨੂ ਖੁੰਡਾ, ਧਰਮਾ ਖੁੰਡਾ, ਰੋਮੀ ਆਦਿ ਹਾਜਰ ਸਨ।

# ਕੇਂਦਰੀ ਨੀਤੀ ਆਯੋਗ ਤਹਿਤ ਨੈਸਲੇ ਫੈਕਟਰੀ ਦੇ ਰਿਹਾਇਸ਼ੀ ਕੰਪਾਊਂਡ ਵਿੱਚ 3100 ਪੌਦੇ ਲਗਾਉਣ ਦੀ ਹੋਈ ਸ਼ੁਰੂਆਤ

## ਡਿਪਟੀ ਕਮਿਸ਼ਨਰ ਮੋਗਾ ਨੇ ਪੌਦੇ ਲਗਾ ਕੇ ਕੀਤੀ ਮੁਹਿੰਮ ਸ਼ੁਰੂਆਤ

■ ਸਭ ਦੇ ਸਹਿਯੋਗ ਨਾਲ ਪੂਰਾ ਹੋਵੇਗਾ ਪੌਦੇ ਲਗਾਉਣ ਦਾ ਮਿਥਿਆ ਟੀਚਾ : ਡਿਪਟੀ ਕਮਿਸ਼ਨਰ



**ਮੋਗਾ/ਪ੍ਰੇਮ ਸਰਮਾ**

ਜ਼ਿਲ੍ਹਾ ਮੋਗਾ ਦੇ ਸਰਬਪੱਖੀ ਵਿਕਾਸ ਲਈ ਕੀਤੇ ਜਾ ਰਹੇ ਯਤਨਾਂ ਨੂੰ ਹੋਰ ਬਲ ਦਿੰਦਿਆਂ ਕੇਂਦਰੀ ਨੀਤੀ ਆਯੋਗ ਤਹਿਤ 100 ਕਰੋੜ ਪੌਦੇ ਲਗਾਉਣ ਦਾ ਪਾਇਲਟ ਪ੍ਰੋਜੈਕਟ ਸ਼ੁਰੂ ਕਰ ਦਿੱਤਾ ਗਿਆ ਹੈ। ਕੇਂਦਰੀ ਨੀਤੀ ਆਯੋਗ ਵੱਲੋਂ ਬੀਤੇ ਦਿਨੀਂ ਲੰਘੇ ਵਿਸ਼ਵ ਵਾਤਾਵਰਨ ਦਿਵਸ ਦਾ ਜ਼ਿਲ੍ਹਾ ਮੋਗਾ ਨੂੰ ਇਹ ਵੱਡਾ ਤੋਹਫ਼ਾ ਹੈ। ਇਹ 100 ਕਰੋੜ ਪੌਦੇ ਦੇਸ਼ ਦੇ 112 ਉਤਸ਼ਾਹੀ ਜ਼ਿਲ੍ਹਿਆਂ ਵਿੱਚ ਵੰਡ ਕੇ ਲਗਾਏ ਜਾਣਗੇ।

ਇਸੇ ਲੜੀ ਤਹਿਤ ਅੱਜ ਮੋਗਾ ਦੀ ਨੈਸਲੇ ਡੇਅਰੀ ਦੇ ਰਿਹਾਇਸ਼ੀ ਕੰਪਾਊਂਡ ਦੁਨੇਕੇ ਵਿਖੇ 3100 ਪੌਦੇ ਲਗਾਉਣ ਦੀ ਸ਼ੁਰੂਆਤ ਡਿਪਟੀ ਕਮਿਸ਼ਨਰ ਮੋਗਾ ਸ੍ਰੀ ਸੰਦੀਪ ਹੰਸ ਨੇ ਕੀਤੀ। ਇਸ ਮੌਕੇ ਉਨ੍ਹਾਂ ਨਾਲ ਵਧੀਕ ਡਿਪਟੀ ਕਮਿਸ਼ਨਰ (ਜ) ਮੋਗਾ ਸ੍ਰੀ ਹਰਚਰਨ ਸਿੰਘ, ਉਪ ਮੰਡਲ ਮੈਜਿਸਟ੍ਰੇਟ ਮੋਗਾ ਸ੍ਰੀ ਸਤਵੰਤ ਸਿੰਘ, ਡਾਇਰੈਕਟਰ ਟੈਕਨੀਕਲ ਐਂਡ ਹੈੱਡ ਨੈਸਲੇ ਫੈਕਟਰੀ ਮੋਗਾ ਸ੍ਰੀ ਸਟੇਨਲੀ ਓਮਨ, ਕਾਰਪੋਰੇਟ ਮਾਮਲੇ ਤੋਂ ਹਰਵਿੰਦਰ ਸਿੰਘ, ਜ਼ਸਪਾਲ ਸਿੰਘ ਸਿੱਧੂ, ਕਨਸਰਜਵੇਟਿਵ ਸੰਜੇ ਬਾਂਸਲ, ਵਣ ਰੇਂਜ ਅਫ਼ਸਰ ਮੋਗਾ ਗੁਰਪਾਲ ਸਿੰਘ, ਅੰਮ੍ਰਿਤਪਾਲ ਸਿੰਘ ਬਰਾੜ ਡੀ.ਐਫ.ਓ. ਫਿਰੋਜ਼ਪੁਰ, ਸੰਜੇ ਬਾਂਸਲ, ਐਸ.ਕੇ. ਬਾਂਸਲ, ਬਾਬਾ ਗੁਰਮੀਤ ਸਿੰਘ ਤੋਂ ਇਲਾਵਾ ਹੋਰ ਵੀ ਮੌਜੂਦ ਸਨ। ਇਸ ਮੌਕੇ ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਨੀਤੀ ਆਯੋਗ ਉਤਸ਼ਾਹੀ ਜਿਲ੍ਹਿਆਂ ਦੇ ਸਰਬਪੱਖੀ ਵਿਕਾਸ ਨੂੰ ਯਕੀਨੀ ਬਣਾਉਣ ਲਈ ਵੱਖ ਵੱਖ ਖੇਤਰਾਂ ਵਿੱਚ ਕੰਮ ਕਰ ਰਹੀਆਂ ਗੈਰ ਸਰਕਾਰੀ ਸੰਸਥਾਵਾਂ ਦਾ ਸਹਿਯੋਗ ਲੈ ਰਿਹਾ ਹੈ। ਇਸੇ ਕਰਕੇ ਹੀ ਵਰਲਡ ਇਕਨੋਮਿਕ ਫੋਰਮ ਦੇ ਉਪਰਾਲੇ ਵਜੋਂ ਭਾਰਤ ਵਿੱਚ ਲਗਾਏ ਜਾਣ ਵਾਲੇ ਇਨ੍ਹਾਂ 100 ਕਰੋੜ ਪੌਦਿਆਂ ਦੇ ਟੀਚੇ ਨੂੰ ਪੂਰਾ ਕਰਨ ਲਈ ਨੀਤੀ ਆਯੋਗ ਨੇ ਨਵੀਂ ਮੁੰਬਈ ਹੱਬ ਆਫ਼ ਗਲੋਬਲ ਸ਼ੇਪਰਜ ਕਮਿਊਨਿਟੀ ਨਾਲ ਸਮਝੌਤਾ ਕੀਤਾ ਹੈ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਇਨ੍ਹਾਂ 3100 ਪੌਦਿਆਂ ਵਿੱਚ ਫੁੱਲ, ਫ਼ਲਦਾਰ ਅਤੇ ਛਾਂਦਾਰ ਸਭ ਕਿਸਮਾਂ ਦੇ ਪੌਦੇ ਸ਼ਾਮਿਲ ਹਨ। ਆਪਣੇ ਸੰਬੋਧਨ ਵਿੱਚ ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਰੁੱਖ ਸਾਡੀ ਜਿੰਦਗੀ ਦੀਆਂ ਦੋ ਮਹੱਤਵਪੂਰਨ ਲੋੜਾਂ ਪਾਣੀ ਅਤੇ ਆਕਸੀਜਨ ਨੂੰ ਪੂਰਾ ਕਰਦੇ ਹਨ, ਸਾਨੂੰ ਇਨ੍ਹਾਂ ਦੀ ਦੇਖਭਾਲ ਅਤੇ ਸਾਂਭ ਸੰਭਾਲ ਲਈ ਕਦਮ ਚੁੱਕਣੇ ਚਾਹੀਦੇ ਹਨ। ਉਨ੍ਹਾਂ ਦੱਸਿਆ ਕਿ ਇਕੱਲੀ ਪੰਜਾਬ ਸਰਕਾਰ, ਭਾਰਤ ਸਰਕਾਰ ਜਾਂ ਜ਼ਿਲ੍ਹਾ ਪ੍ਰਸ਼ਾਸ਼ਨ ਹੀ ਨਹੀਂ ਸਗੋਂ ਸਾਨੂੰ ਸਾਰਿਆਂ ਨੂੰ ਵੱਧ ਤੋਂ ਵੱਧ ਰੁੱਖ ਲਗਾਉਣ ਅਤੇ ਸਾਂਭ ਸੰਭਾਲ ਲਈ ਅੱਗੇ ਆਉਣਾ ਚਾਹੀਦਾ ਹੈ। ਉਨ੍ਹਾਂ ਨੈਸਲੇ ਫੈਕਟਰੀ ਮੋਗਾ ਦੇ ਨੁਮਾਇੰਦਿਆਂ ਦਾ ਧੰਨਵਾਦ ਵੀ ਕੀਤਾ ਕਿ ਉਨ੍ਹਾਂ ਨੇ ਇਸ ਚੰਗੇ ਕਾਰਜ ਲਈ ਅੱਗੇ ਆ ਕੇ ਵਾਤਾਵਰਨ ਨੂੰ ਹਰਿਆ ਭਰਿਆ ਬਣਾਉਣ ਵਿੱਚ ਆਪਣਾ ਵੱਡਮੁੱਲਾ ਯੋਗਦਾਨ ਪਾਇਆ।

# ਜ਼ਿਲ੍ਹਾ ਲੁਧਿਆਣਾ ਵਿੱਚ ਅੱਜ ਫੇਰ 8466 ਸੈਂਪਲ ਲਏ - ਮਰੀਜ਼ਾਂ ਦੇ ਠੀਕ ਹੋਣ ਦੀ ਦਰ 97.54% ਹੋਈ

**ਲੁਧਿਆਣਾ/ਕਰਨ ਅਗਰਵਾਲ**

ਪੰਜਾਬ ਸਰਕਾਰ ਵੱਲੋਂ ਕਰੋਨਾ ਮਹਾਂਮਾਰੀ ਨੂੰ ਫੈਲਣ ਤੋਂ ਰੋਕਣ ਲਈ ਸ਼ੁਰੂ ਕੀਤੇ ਗਏ ਉਪਰਾਲਿਆਂ ਤਹਿਤ ਅੱਜ ਜ਼ਿਲ੍ਹਾ ਲੁਧਿਆਣਾ ਵਿੱਚ ਇੱਕ ਦਿਨ ਵਿੱਚ ਸ਼ੱਕੀ ਮਰੀਜ਼ਾਂ ਦੇ 8466 ਸੈਂਪਲ ਲਏ ਗਏ।

ਡਿਪਟੀ ਕਮਿਸ਼ਨਰ ਲੁਧਿਆਣਾ ਸ੍ਰੀ ਵਰਿੰਦਰ ਕੁਮਾਰ ਸ਼ਰਮਾ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਹੁਣ ਤੱਕ ਕੁੱਲ 87367 ਮਰੀਜ਼ਾਂ ਵਿਚੋਂ 97.54% (85203 ਕੋਵਿਡ ਪੋਜ਼ਟਿਵ ਮਰੀਜ਼) ਪੂਰੀ ਤਰ੍ਹਾਂ ਠੀਕ ਹੋ ਚੁੱਕੇ ਹਨ ਜਦਕਿ ਕੁਝ ਹੋਰ ਸਰਕਾਰੀ ਅਤੇ ਨਿੱਜੀ ਹਸਪਤਾਲਾਂ ਵਿੱਚ ਇਲਾਜ ਅਧੀਨ ਹਨ। ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਪ੍ਰਸ਼ਾਸਨ ਅਤੇ ਸਿਹਤ ਵਿਭਾਗ ਵੱਲੋਂ ਕੋਸ਼ਿਸ਼ ਕੀਤੀ ਜਾਂਦੀ ਹੈ ਕਿ ਜਦੋ ਵੀ ਕੋਈ ਵਿਅਕਤੀ ਦੇ ਕੋਵਿਡ-19 ਦੇ ਪੀੜਤ ਜਾਂ ਸ਼ੱਕੀ ਲੱਗਦਾ ਹੈ ਤਾਂ ਤੁਰੰਤ ਉਸ ਦੇ ਸੈਂਪਲ ਜਾਂਚ ਲਈ ਭੇਜੇ ਜਾਂਦੇ ਹਨ। ਇਸੇ ਤਰ੍ਹਾਂ ਅੱਜ ਵੀ 8466 ਸ਼ੱਕੀ ਵਿਅਕਤੀਆਂ ਦੇ ਨਮੂਨੇ ਜਾਂਚ ਲਈ ਭੇਜੇ ਗਏ ਹਨ ਅਤੇ ਜਲਦ ਹੀ ਉਨ੍ਹਾਂ ਦੇ ਨਤੀਜੇ ਮਿਲਣ ਦੀ ਉਮੀਦ ਹੈ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਇਸ ਸਮੇਂ ਜ਼ਿਲ੍ਹੇ ਵਿੱਚ 69 ਪੋਜ਼ਟਿਵ ਮਰੀਜ਼ ਹਨ। ਜ਼ਿਲ੍ਹੇ ਵਿੱਚ ਹੁਣ ਤੱਕ ਤੰਦਰੁਸਤ ਹੋਏ ਮਰੀਜ਼ਾਂ ਦੀ ਸੰਖਿਆ 85203 ਹੋ ਗਈ ਹੈ।

ਉਨ੍ਹਾਂ ਕਿਹਾ ਕਿ ਕੋਵਿਡ-19 ਤੋਂ ਲੋਕਾਂ ਨੂੰ ਸੁਰੱਖਿਅਤ ਰੱਖਣ ਲਈ ਹਰ ਸੰਭਵ ਉਪਰਾਲੇ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਪਿਛਲੇ 24 ਘੰਟਿਆਂ ਦੌਰਾਨ ਕੁਲ 17 ਮਰੀਜ਼ ( ਸਾਰੇ ਜ਼ਿਲ੍ਹਾ ਲੁਧਿਆਣਾ ਨਾਲ ਸਬੰਧਤ ਹਨ) ਪੋਜ਼ਟਿਵ ਪਾਏ ਗਏ ਹਨ।

ਉਨ੍ਹਾਂ ਕਿਹਾ ਕਿ ਹੁਣ ਤੱਕ ਕੁੱਲ 2078593 ਨਮੂਨੇ ਲਏ ਗਏ ਹਨ, ਜਿਨ੍ਹਾਂ ਵਿਚੋਂ 2078593 ਨਮੂਨਿਆਂ ਦੀ ਰਿਪੋਰਟ ਪ੍ਰਾਪਤ ਹੋਈ ਹੈ, 1979596 ਨਮੂਨੇ ਨੈਗਟਿਵ ਪਾਏ ਗਏ ਹਨ। ਉਨ੍ਹਾਂ ਦੱਸਿਆ ਕਿ ਹੁਣ ਲੁਧਿਆਣਾ ਨਾਲ ਸਬੰਧਤ ਕੁਲ ਮਰੀਜ਼ਾਂ ਦੀ ਗਿਣਤੀ 87367 ਹੈ, ਜਦਕਿ 11630 ਮਰੀਜ਼ ਦੂਜੇ ਜ਼ਿਲ੍ਹਿਆਂ/ਰਾਜਾਂ ਨਾਲ ਸਬੰਧਤ ਹਨ।

ਉਨ੍ਹਾਂ ਕਿਹਾ ਕਿ ਹੁਣ ਤੱਕ ਕੋਰੋਨਾ ਤੋਂ ਪੀੜਤ ਮਰੀਜ਼ਾਂ ਦੀ ਮੌਤ ਦੀ ਕੁੱਲ ਗਿਣਤੀ ਲੁਧਿਆਣਾ ਤੋਂ 2095 ਅਤੇ 1047 ਦੂਜੇ ਜ਼ਿਲ੍ਹਿਆਂ ਨਾਲ ਸਬੰਧਤ ਹਨ।

ਸ੍ਰੀ ਸ਼ਰਮਾ ਨੇ ਵਸਨੀਕਾਂ ਨੂੰ ਅਪੀਲ ਕੀਤੀ ਕਿ ਉਹ ਪੰਜਾਬ ਸਰਕਾਰ ਦੀਆਂ ਸਾਰੀਆਂ ਹਦਾਇਤਾਂ ਦੀ ਪਾਲਣਾ ਕਰਨ, ਜਿਸ ਨਾਲ ਉਹ ਨਾ ਸਿਰਫ ਆਪ ਸੁਰੱਖਿਅਤ ਰਹਿਣਗੇ, ਬਲਕਿ ਹਰ ਕਿਸੇ ਨੂੰ ਸੁਰੱਖਿਅਤ ਰੱਖਣ ਵਿੱਚ ਵੀ ਯੋਗਦਾਨ ਪਾਉਣਗੇ।

# ਵਧੀਕ ਡਿਪਟੀ ਕਮਿਸ਼ਨਰ ਨੇ ਸਬੰਧਤ ਵਿਭਾਗਾਂ ਨਾਲ ਮੀਟਿੰਗ ਕਰਕੇ ਆਜ਼ਾਦੀ ਦਿਹਾੜੇ ਦੀਆਂ ਤਿਆਰੀਆਂ ਦਾ ਲਿਆ ਜਾਇਜ਼ਾ



**ਮੋਗਾ/ਪ੍ਰੇਮ ਸਰਮਾ**

ਕੋਵਿਡ-19 ਦੇ ਚਲਦਿਆਂ ਸੂਬਾ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਹੀ 15 ਅਗਸਤ ਨੂੰ ਆਜ਼ਾਦੀ ਦਿਹਾੜਾ ਮਨਾਇਆ ਜਾਵੇਗਾ। ਇਸ ਦਿਹਾੜੇ ਮੌਕੇ ਜਿਲ੍ਹਾ ਪੱਧਰੀ ਸਮਾਗਮ ਹਰ ਵਾਰ ਦੀ ਤਰ੍ਹਾਂ ਦਾਨਾ ਮੰਡੀ, ਮੋਗਾ ਵਿਖੇ ਉਤਸ਼ਾਹ ਨਾਲ ਮਨਾਇਆ ਜਾਵੇਗਾ।

ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਵਧੀਕ ਡਿਪਟੀ ਕਮਿਸ਼ਨਰ (ਜ਼) ਮੋਗਾ ਸ੍ਰੀ ਹਰਚਰਨ ਸਿੰਘ ਵੱਲੋਂ ਕੀਤਾ ਗਿਆ । ਉਹ ਅੱਜ ਦਾਨਾ ਮੰਡੀ ਮੋਗਾ ਵਿਖੇ ਸਮਾਗਮ ਵਾਲੇ ਸਥਾਨ ਤੇ ਸਬੰਧਤ ਵਿਭਾਗਾਂ ਨਾਲ 15 ਅਗਸਤ ਸਮਾਗਮ ਦੀਆਂ ਤਿਆਰੀਆਂ ਦਾ ਜਾਇਜ਼ਾ ਲੈ ਰਹੇ ਸਨ। ਇਸ ਦੌਰਾਨ ਉਨ੍ਹਾਂ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨੂੰ ਲੋੜੀਂਦੇ ਨਿਰਦੇਸ਼ ਵੀ ਦਿੱਤੇ ਗਏ ਅਤੇ ਸੌਂਪੀਆਂ ਗਈਆਂ ਜ਼ੁੰਮੇਵਾਰੀਆਂ ਨੂੰ ਪੂਰੀ ਤਨਦੇਹੀ ਤੇ ਇਮਾਨਦਾਰੀ ਨਾਲ ਨਿਭਾਉਣ ਲਈ ਵੀ ਕਿਹਾ। ਇਸ ਤੋਂ ਇਲਾਵਾ ਉਨਾਂ ਸਬੰਧਤ ਅਧਿਕਾਰੀਆਂ ਨੂੰ ਇਹ ਵੀ ਖ਼ਾਸ ਹਦਾਇਤ ਕੀਤੀ ਕਿ ਕਰੋਨਾ ਮਹਾਂਮਾਰੀ ਦੇ ਮੱਦੇਨਜ਼ਰ ਸਮਾਰੋਹ ਵਾਲੇ ਸਥਾਨ ਨੂੰ ਸੈਨੇਟਾਈਜ਼ ਅਤੇ ਸਮਾਰੋਹ ਵਿਚ ਸ਼ਾਮਲ ਹੋਣ ਵਾਲੇ ਹਾਜ਼ਰੀਨ ਦੇ ਹੱਥਾਂ ਨੂੰ ਸੈਨੇਟਾਈਜ਼ ਕਰਵਾਉਣਾ ਯਕੀਨੀ ਬਣਾਉਣਗੇ। ਉਨ੍ਹਾਂ ਸਬੰਧਤ ਵਿਭਾਗਾਂ ਨੂੰ ਸੌਂਪੀਆਂ ਗਈਆਂ ਡਿਊਟੀਆਂ ਦਾ ਰਿਵਿਊ ਕੀਤਾ ਅਤੇ ਲੋੜੀਂਦੇ ਨਿਰਦੇਸ਼ ਜਾਰੀ ਕੀਤੇ।

ਵਧੀਕ ਡਿਪਟੀ ਕਮਿਸ਼ਨਰ ਵਲੋਂ ਦੱਸਿਆ ਕਿ ਮੁੱਖ ਮਹਿਮਾਨ ਵਲੋਂ ਕੌਮੀ ਝੰਡਾ ਲਹਿਰਾਉਣ ਉਪਰੰਤ ਪ੍ਰੇਡ ਹੋਵੇਗੀ ਜਿਸ ਵਿਚ ਪੰਜਾਬ ਪੁਲਿਸ ਅਤੇ ਹੋਰ ਟੁਕੜੀਆਂ ਵਲੋਂ ਸ਼ਮੂਲੀਅਤ ਕੀਤੀ ਜਾਵੇਗੀ। ਪ੍ਰੇਡ ਦੌਰਾਨ ਮਿਲਟਰੀ ਬੈਂਡ ਵਲੋਂ ਵੀ ਆਪਣੀਆਂ ਸੇਵਾਵਾਂ ਨਿਭਾਈਆਂ ਜਾਣਗੀਆਂ। ਸਮਾਗਮ ਦੌਰਾਨ ਇਕੱਠ ਪੰਜਾਬ ਸਰਕਾਰ ਵੱਲੋਂ ਜਾਰੀ ਕੀਤੀਆਂ ਜਾਣ ਵਾਲੀਆਂ ਹਦਾਇਤਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਹੀ ਕੀਤਾ ਜਾਵੇਗਾ। ਆਮ ਰਿਹਰਸਲ 7 ਤੋਂ 11 ਜੁਲਾਈ ਤੱਕ ਜਦਕਿ ਫੁੱਲ ਡਰੈੱਸ ਰਿਹਰਸਲ 13 ਅਗਸਤ ਨੂੰ ਦਾਣਾ ਮੰਡੀ ਵਿਖੇ ਹੀ ਕਰਵਾਈ ਜਾਵੇਗੀ।

ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਸ਼੍ਰੀ ਸੁਭਾਸ਼ ਚੰਦਰ, ਉਪ ਮੰਡਲ ਮੈਜਿਸਟ੍ਰੇਟ ਮੋਗਾ ਸ੍ਰੀ ਸਤਵੰਤ ਸਿੰਘ ਤੋਂ ਇਲਾਵਾ ਸਬੰਧਤ ਵਿਭਾਗਾਂ ਦੇ ਅਧਿਕਾਰੀ ਅਤੇ ਕਰਮਚਾਰੀ ਹਾਜ਼ਰ ਸਨ।

# 75ਵੇਂ ਸੁਤੰਤਰਤਾ ਦਿਵਸ ਮੌਕੇ ਖੁਰਾਕ, ਸਿਵਲ ਸਪਲਾਈ ਤੇ ਖਪਤਕਾਰ ਮਾਮਲੇ ਮੰਤਰੀ ਭਾਰਤ ਭੂਸ਼ਣ ਆਸ਼ੂ ਲੁਧਿਆਣਾ ਵਿਖੇ ਲਹਿਰਾਉਣਗੇ ਰਾਸ਼ਟਰੀ ਤਿਰੰਗਾ



■ ਗੁਰੂ ਨਾਨਕ ਸਟੇਡੀਅਮ ਵਿਖੇ ਪੂਰੇ ਦਿਨ ਦੀ ਰਿਹਰਸਲ 13 ਅਗਸਤ ਨੂੰ ਹੋਵੇਗੀ - ਡੀ.ਸੀ. ਵੱਲੋਂ ਅੱਜ ਗੁਰੂ ਨਾਨਕ ਸਟੇਡੀਅਮ ਵਿਖੇ ਸੁਤੰਤਰਤਾ ਦਿਵਸ ਸਮਾਰੋਹ ਪ੍ਰਬੰਧਾ ਦੀ ਕੀਤੀ ਸਮੀਖਿਆ

**ਲੁਧਿਆਣਾ/ਕਰਨ ਅਗਰਵਾਲ**

ਡਿਪਟੀ ਕਮਿਸ਼ਨਰ ਸ੍ਰੀ ਵਰਿੰਦਰ ਕੁਮਾਰ ਸ਼ਰਮਾ ਨੇ ਅੱਜ ਜਾਣਕਾਰੀ ਦਿੰਦਿਆਂ ਦੱਸਿਆ ਕਿ ਕੋਵਿਡ-19 ਮਹਾਂਮਾਰੀ ਦੇ ਮੱਦੇਨਜ਼ਰ, 75ਵੇਂ ਸੁਤੰਤਰਤਾ ਦਿਵਸ ਮੌਕੇ ਜ਼ਿਲ੍ਹਾ ਪੱਧਰੀ ਸਮਾਰੋਹ ਸਥਾਨਕ ਗੁਰੂ ਨਾਨਕ ਸਟੇਡੀਅਮ ਵਿਖੇ ਸੁਰੱਖਿਆ ਪ੍ਰੋਟੋਕਾਲ ਖਾਸ ਕਰਕੇ ਮਾਸਕ ਅਤੇ ਸਮਾਜਿਕ ਦੂਰੀ ਦੇ ਨਿਯਮਾਂ ਦੀ ਸਖਤੀ ਨਾਲ ਪਾਲਣਾ ਦੇ ਨਾਲ ਆਯੋਜਿਤ ਕੀਤੇ ਜਾਣਗੇ।

ਸਟੇਡੀਅਮ ਵਿਖੇ ਤਿਆਰੀਆਂ ਦਾ ਜਾਇਜ਼ਾ ਲੈਂਦੇ ਹੋਏ ਡਿਪਟੀ ਕਮਿਸ਼ਨਰ ਅਤੇ ਪੁਲਿਸ ਦੇ ਜੁਆਇੰਟ ਕਮਿਸ਼ਨਰ ਸ੍ਰੀ ਜੇ. ਐਲਨਚੇਜ਼ੀਅਨ ਨੇ ਕਿਹਾ ਕਿ ਖੁਰਾਕ, ਸਿਵਲ ਸਪਲਾਈ ਤੇ ਖਪਤਕਾਰ ਮਾਮਲੇ ਮੰਤਰੀ ਸ੍ਰੀ ਭਾਰਤ ਭੂਸ਼ਣ ਆਸ਼ੂ ਲੁਧਿਆਣਾ ਵਿਖੇ 75ਵੇਂ ਸੁਤੰਤਰਤਾ ਦਿਵਸ 'ਤੇ ਰਾਸ਼ਟਰੀ ਤਿਰੰਗਾ ਲਹਿਰਾਉਣਗੇ। ਉਨ੍ਹਾਂ ਅੱਗੇ ਕਿਹਾ ਕਿ ਆਜ਼ਾਦੀ ਦਿਵਸ ਦਾ ਜਸ਼ਨ ਸਾਡੇ ਸਾਰਿਆਂ ਲਈ ਸਭ ਤੋਂ ਮਹੱਤਵਪੂਰਨ ਘਟਨਾ ਹੈ ਕਿਉਂਕਿ ਇਸ ਦਿਨ ਸਾਡੇ ਦੇਸ਼ ਨੇ ਬ੍ਰਿਟਿਸ਼ ਸਾਮਰਾਜਵਾਦ ਤੋਂ ਆਜ਼ਾਦੀ ਪ੍ਰਾਪਤ ਕੀਤੀ ਸੀ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਆਜ਼ਾਦੀ ਦਿਵਸ ਮੌਕੇ ਇਸ ਸਮਾਗਮ ਨੂੰ ਸੁਚਾਰੂ ਢੰਗ ਨਾਲ ਨੇਪਰੇ ਚਾੜ੍ਹਨ ਲਈ ਜ਼ਿਲ੍ਹਾ ਪ੍ਰਸ਼ਾਸਨ ਦੇ ਅਧਿਕਾਰੀਆਂ ਨੂੰ ਵੱਖ-ਵੱਖ ਜਿੰਮੇਵਾਰੀਆਂ ਸੌਂਪੀਆਂ ਗਈਆਂ ਹਨ। ਕੋਵਿਡ-19 ਦੀ ਸੰਭਾਵਿਤ ਤੀਜ਼ੀ ਲਹਿਰ ਦੇ ਵਿੱਚ ਸੂਬਾ ਸਰਕਾਰ ਦੇ ਦਿਸ਼ਾ ਨਿਰਦੇਸ਼ਾਂ ਦਾ ਜ਼ਿਕਰ ਕਰਦੇ ਹੋਏ, ਉਨ੍ਹਾਂ ਅੱਗੇ ਕਿਹਾ ਕਿ ਸਮਾਗਮ ਦੌਰਾਨ ਕੋਈ ਵੱਡਾ ਇਕੱਠ ਨਹੀਂ ਹੋਵੇਗਾ ਕਿਉਂਕਿ ਇਹ ਪਿਛਲੇ ਸਾਲਾਂ ਵਿੱਚ ਹੁੰਦਾ ਸੀ ਅਤੇ ਪੰਜਾਬ ਪੁਲਿਸ ਦੀ ਟੁਕੜੀ ਸਲਾਮੀ ਦੇਵੇਗੀ। ਉਨ੍ਹਾਂ ਇਥੋਂ ਤੱਕ ਵੀ ਦੱਸਿਆ ਕਿ ਸੁਰੱਖਿਆ ਦਿਸ਼ਾ ਨਿਰਦੇਸ਼ਾਂ ਨੂੰ ਕਾਇਮ ਰੱਖਣ ਲਈ ਪੀ.ਟੀ. ਸ਼ੋਅ, ਪਰੇਡ ਆਦਿ ਵਰਗੀਆਂ ਹੋਰ ਗਤੀਵਿਧੀਆਂ ਵੀ ਨਹੀਂ ਹੋਣਗੀਆਂ। ਸ੍ਰੀ ਸ਼ਰਮਾ ਨੇ ਕਿਹਾ ਕਿ ਸਮਾਜਕ ਦੂਰੀ, ਮਾਸਕ ਪਹਿਨਣ, ਹੱਥਾਂ ਨੂੰ ਰੋਗਾਣੂ ਮੁਕਤ ਕਰਨ, ਸਾਰੇ ਸਡੇਡੀਅਮ ਨੂੰ ਰੋਗਾਣੂ ਮੁਕਤ ਕਰਨ ਸਮੇਤ ਸਿਹਤ ਅਤੇ ਸੁਰੱਖਿਆ ਪ੍ਰੋਟੋਕਾਲ ਨੂੰ ਪ੍ਰਮੁੱਖ ਤਰਜੀਹ ਦਿੱਤੀ ਜਾਵੇਗੀ। ਉਨ੍ਹਾਂ ਸਟੇਡੀਅਮ ਦਾ ਨਿਰੀਖਣ ਕੀਤਾ ਅਤੇ ਸੁਰੱਖਿਆ ਕਰਮਚਾਰੀਆਂ ਅਤੇ ਸਿਵਲ ਸਟਾਫ ਨੂੰ ਸੁਤੰਤਰਤਾ ਦਿਵਸ ਸਮਾਗਮਾਂ ਲਈ ਕੀਤੇ ਜਾਣ ਵਾਲੇ ਪ੍ਰਬੰਧਾਂ ਬਾਰੇ ਲੋੜੀਂਦੇ ਨਿਰਦੇਸ਼ ਦਿੱਤੇ। ਉਨ੍ਹਾਂ ਦੱਸਿਆ ਕਿ ਪੂਰੇ ਦਿਨ ਦੀ ਰਿਹਰਸਲ 13 ਅਗਸਤ ਨੂੰ ਹੋਵੇਗੀ। ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਸ੍ਰੀ ਅਮਿਤ ਕੁਮਾਰ ਪੰਚਾਲ, ਵਧੀਕ ਡਿਪਟੀ ਕਮਿਸ਼ਨਰ (ਜਨਰਲ) ਸ੍ਰੀ ਰਾਹੁਲ ਚਾਬਾ, ਐਸ.ਡੀ.ਐਮ. ਡਾ. ਵਨੀਤ ਕੁਮਾਰ, ਸਹਾਇਕ ਕਮਿਸ਼ਨਰ ਪਰਲੀਨ ਕੌਰ ਕਾਲੇਕਾ ਅਤੇ ਹੋਰ ਵੀ ਹਾਜ਼ਰ ਸਨ।

Website : www.lokbani.com
lokbani08@gmail.com




# ਮੈਰੀਟੋਰੀਅਸ ਸਕੂਲਜ ਅਧਿਆਪਕ ਯੂਨੀਅਨ,ਪੰਜਾਬ ਵੱਲੋਂ 14 ਅਗਸਤ ਨੂੰ ਅੰਮ੍ਰਿਤਸਰ ਵਿਖੇ ਰੋਸ ਰੈਲੀ ਕਰਨ ਦਾ ਐਲਾਨ

**ਗੁਰਦਾਸਪੁਰ-ਨਵਨੀਤ ਕੁਮਾਰ/ਜਤਿੰਦਰ ਕੁਮਾਰ**

ਮੈਰੀਟੋਰੀਅਸ ਸਕੂਲਜ ਅਧਿਆਪਕ ਯੂਨੀਅਨ, ਪੰਜਾਬ ਵੱਲੋਂ ਆਪਣੀਆਂ ਸੇਵਾਵਾਂ ਨੂੰ ਸਿੱਖਿਆ ਵਿਭਾਗ ਵਿੱਚ ਰੈਗੂਲਰ ਕਰਵਾਉਣ ਦੀ ਮੰਗ ਨੂੰ ਲੈ ਕੇ 14 ਅਗਸਤ ਨੂੰ ਅੰਮ੍ਰਿਤਸਰ ਵਿਖੇ ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂ ਦੇ ਘਰ ਦਾ ਘੇਰਾਓ ਕਰਨ ਦਾ ਐਲਾਨ ਕੀਤਾ ਗਿਆ ।

ਯੂਨੀਅਨ ਦੀ ਸੂਬਾ ਕਮੇਟੀ ਦੀ ਹੋਈ ਮੀਟਿੰਗ ਵਿੱਚ ਮੈਰੀਟੋਰੀਅਸ ਸਕੂਲਾਂ ਦੇ ਅਧਿਆਪਕਾਂ ਨੂੰ ਆ ਰਹੀਆਂ ਸਮੱਸਿਆਵਾਂ ਬਾਰੇ ਵਿਚਾਰ ਚਰਚਾ ਕੀਤੀ ਗਈ ।ਯੂਨੀਅਨ ਦੇ ਸੂਬਾ ਪ੍ਰਧਾਨ ਦਲਜੀਤ ਕੌਰ ਅਤੇ ਕੁਲਵਿੰਦਰ ਸਿੰਘ ਬਾਠ ਨੇ ਦੱਸਿਆ ਕਿ ਪਿਛਲੇ ਸੱਤ ਸਾਲਾਂ ਦੀ ਠੇਕੇ ਦੀ ਨੌਕਰੀ ਦੇ ਸੰਤਾਪ ਤੋਂ ਅੱਕੇ ਹੋਏ ਮੈਰੀਟੋਰੀਅਸ ਸਕੂਲਾਂ ਦੇ ਅਧਿਆਪਕ ਅੰਮ੍ਰਿਤਸਰ ਵਿਖੇ ਹੋ ਰਹੀ ਇਸ ਰੈਲੀ ਵਿੱਚ ਪਰਿਵਾਰਾਂ ਸਮੇਤ ਸਾਮਿਲ ਹੋਣਗੇ ।ਉਹਨਾਂ ਕਿਹਾ ਕਿ ਸਾਡੀ ਇੱਕੋ ਇੱਕ ਮੁੱਖ ਮੰਗ ਸਿੱਖਿਆ ਵਿਭਾਗ ਵਿੱਚ ਰੈਗੂਲਰ ਹੋਣ ਦੀ ਹੈ । ਯੂਨੀਅਨ ਦੇ ਜਿਲ੍ਹਾ ਆਗੂ ਹਰਪ੍ਰੀਤ ਗੋਨਿਆਣਾ ਨੇ ਇਸ ਮੌਕੇ ਦੱਸਿਆ ਕਿ ਪਾਰਦਰਸੀ ਤਰੀਕੇ ਨਾਲ ਨਿਯਮਾਂ ਅਨੁਸਾਰ ਭਰਤੀ ਹੋਏ ਮੈਰੀਟੋਰੀਅਸ ਸਕੂਲਾਂ ਦੇ ਅਧਿਆਪਕਾਂ ਨੂੰ ਸਿੱਖਿਆ ਵਿਭਾਗ ਵਿੱਚ ਤੁਰੰਤ ਰੈਗੂਲਰ ਕੀਤਾ ਜਾਵੇ । ਜਕਿਰਯੋਗ ਹੈ ਕਿ 2018 ਵਿੱਚ ਐਸ.ਐਸ.ਏ/ ਰਮਸਾ ਨੂੰ ਰੈਗੂਲਰ ਕਰਨ ਲਈ ਬਣਾਈ ਪਾਲਿਸੀ ਅਧੀਨ ਮੈਰੀਟੋਰੀਅਸ ਸਕੂਲਾਂ ਦੇ ਅਧਿਆਪਕਾਂ ਤੋਂ ਵੀ ਆਪਸਨ ਕਲਿੱਕ ਕਰਵਾਈ ਗਈ ਸੀ ਪਰ ਸਰਕਾਰ ਵੱਲੋਂ ਧੋਖਾ ਕਰਦੇ ਹੋਏ ਇਸ ਪਾਲਿਸੀ ਅਧੀਨ ਮੈਰੀਟੋਰੀਅਸ ਸਕੂਲਾਂ ਦੇ ਅਧਿਆਪਕਾਂ ਨੂੰ ਰੈਗੂਲਰ ਨਹੀਂ ਕੀਤਾ ਗਿਆ ।ਜੇਕਰ ਸਰਕਾਰ ਸਾਡੀ ਰੈਗੂਲਰ ਕਰਨ ਦੀ ਇਸ ਮੰਗ ਨੂੰ ਨਹੀਂ ਮੰਨਦੀ ਤਾਂ ਆਉਂਦੇ ਦਿਨਾਂ ਵਿੱਚ ਇਸ ਸੰਘਰਸ ਦਾ ਤਿੱਖਾ ਰੂਪ ਦੇਖਣ ਨੂੰ ਮਿਲੇਗਾ ।ਇਸ ਦੌਰਾਨ ਯੂਨੀਅਨ ਦੇ ਸੁਖਜੀਤ ਸਿੰਘ,ਹਰਪ੍ਰੀਤ ਸਿੰਘ ,ਪ੍ਰਿਤਪਾਲ ਸਿੰਘ ,ਜਤਿੰਦਰ ਪਾਲ ਸਿੰਘ ,ਸਤਨਾਮ ਸਿੰਘ,ਅਮਰੀਸ ਸਰਮਾ, ਬਿਕਰਮਜੀਤ ਸਿੰਘ ,ਸੀਮਾ ਰਾਣੀ, ਗੁਰਦੀਪ ਸਿੰਘ, ਸੰਦੀਪ ਕੁਮਾਰ ,ਵਿਪਨੀਤ ਕੌਰ, ਦਲਜੀਤ ਕੌਰ, ਜਸਲੀਨ ਕੌਰ, ਸਾਕਸੀ ਸਹਿਗਲ, ਅੰਮ੍ਰਿਤਾ ਸਿੰਘ ਅਤੇ ਜਗਬੀਰ ਸਿੰਘ ਆਦਿ ਮੈਂਬਰ ਹਾਜਰ ਸਨ ।

# ਕਲਾਨੌਰ 'ਚ ਡਿਗਾ ਡਰੋਨ ਦਾ ਕੰਟ੍ਰੋਲਰ



**ਗੁਰਦਾਸਪੁਰ-ਨਵਨੀਤ ਕੁਮਾਰ/ਜਤਿੰਦਰ ਕੁਮਾਰ**

ਬਲਾਕ ਕਲਾਨੌਰ ਅਧੀਨ ਆਉਂਦੇ ਪਿੰਡ ਮਾਲੋਗਿੱਲ ਦੇ ਖੇਤਾਂ 'ਚ ਡਰੋਨ ਦਾ ਕੰਟਰੋਲ ਟੁੱਟਣ ਕਾਰਨ ਡਿੱਗੇ ਏਆਰਪੀਏ ਡਰੋਨ ਨੂੰ ਏਅਰ ਫੋਰਸ ਦੇ ਜਵਾਨਾਂ ਨੇ ਕਬਜੇ 'ਚ ਲੈ ਲਿਆ। ਖੇਤਾਂ 'ਚ ਡਿੱਗੇ ਇਸ ਏਆਰਪੀਏ ਡਰੋਨ ਨੂੰ ਪਿੰਡ ਮਾਲੋਗਿੱਲ, ਖਾਨੋਵਾਲ,ਮੁਸਤਫਾਪੁਰ,ਵਡਾਲਾ ਬਾਂਗਰ,ਦਾਦੂਵਾਲ ਆਦਿ ਪਿੰਡਾਂ ਦੇ ਸੈਂਕੜੇ ਲੋਕ ਵੇਖਣ ਲਈ ਪੁੱਜੇ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਹੋਇਆਂ ਮਨਦੀਪ ਸਿੰਘ ਪੰਨੂੰ ਵਾਈਸ ਚੇਅਰਮੈਨ, ਪਰਮਜੀਤ ਸਿੰਘ, ਬਲਵਿੰਦਰ ਸਿੰਘ, ਹਰਦੇਵ ਸਿੰਘ, ਜੋਗਿੰਦਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਮੰਗਲਵਾਰ ਨੂੰ ਕਰੀਬ ਤਿੰਨ ਵਜੇ ਤੋਂ ਕੁਝ ਮਿੰਟ ਪਹਿਲਾਂ ਉਨ੍ਹਾਂ ਨੇ ਪਿੰਡ ਮਾਲੋ ਗਿੱਲ ਮੁਸਤਫਾਪੁਰ ਖਾਨੋਵਾਲ ਖੇਤਰ 'ਚ ਲਗਾਤਾਰ ਸਵਾ ਘੰਟਾ ਇਕ ਹੈਲੀਕਾਪਟਰ ਅਸਮਾਨ 'ਚ ਲਗਾਤਾਰ ਉੱਠਦਾ ਵੇਖਿਆ। ਉਨ੍ਹਾਂ ਦੱਸਿਆ ਕਿ ਹੈਲੀਕਾਪਟਰ ਦੀ ਭਾਲ ਕਰਨ ਲਈ ਸਖ਼ਤ ਮਿਹਨਤ ਤੋਂ ਬਾਅਦ ਪੁਲਿਸ ਕਰਮਚਾਰੀ ਪਿੰਡ ਮਾਲੋ ਗਿੱਲ ਦੇ ਖੇਤਾਂ 'ਚ ਪਹੁੰਚੇ ਜਿੱਥੇ ਉਨ੍ਹਾਂ ਇਕ ਏਆਰਪੀ ਏ ਡਰੋਨ ਝੋਨੇ ਦੇ ਖੇਤਾਂ 'ਚ ਡਿੱਗਾ ਬਰਾਮਦ ਕੀਤਾ। ਇਸ ਘਟਨਾ ਤੋਂ ਬਾਅਦ ਏਅਰ ਫੋਰਸ ਤੇ ਅਧਿਕਾਰੀ ਤੇ ਜਵਾਨ ਇਸ ਏਆਰਪੀਏ ਡਰੋਨ ਨੂੰ ਚੁੱਕਣ ਲਈ ਪੁੱਜੇ। ਇੱਥੇ ਦੱਸਣਯੋਗ ਹੈ ਕਿ ਅਸਮਾਨ 'ਚ ਡੇਢ ਘੰਟੇ ਦੇ ਕਰੀਬ ਉੱਡਦੇ ਰਹੇ ਹੈਲੀਕਾਪਟਰ ਕਾਰਨ ਸਰਹੱਦੀ ਖੇਤਰ ਦੇ ਪਿੰਡਾਂ ਦੇ ਲੋਕਾਂ 'ਚ ਦਹਿਸ਼ਤ ਦਾ ਮਾਹੌਲ ਬਣਿਆ ਰਿਹਾ ਤੇ ਈਆਰਪੀਏ ਡਰੋਨ ਏਅਰ ਫੋਰਸ ਵੱਲੋਂ ਆਪਣੇ ਕਬਜੇ 'ਚ ਲੈਣ ਤੋਂ ਬਾਅਦ ਲੋਕਾਂ ਨੇ ਰਾਹਤ ਮਹਿਸੂਸ ਕੀਤੀ। ਇਸ ਸੰਬੰਧੀ ਡੀਐੱਸਪੀ ਭਾਰਤ ਭੂਸ਼ਨ ਨੇ ਕਿਹਾ ਕਿ ਏਅਰ ਫੋਰਸ ਵੱਲੋਂ ਖੇਤਾਂ 'ਚ ਡਿੱਗੇ ਈਆਰਪੀ ਡਰੋਨ ਨੂੰ ਆਪਣੇ ਕਬਜੇ ਚ ਲੈ ਲਿਆ ਹੈ। ਦੂਸਰੇ ਪਾਸੇ ਸੂਤਰਾਂ ਤੋਂ ਪਤਾ ਲੱਗਾ ਹੈ ਏਆਰਪੀਏ ਡਰੋਨ ਏਅਰ ਫੋਰਸ ਵੱਲੋਂ ਉਡਾਇਆ ਗਿਆ ਸੀ।

# ਆਸਾ ਵਰਕਰਜ ਅਤੇ ਫੈਸੀਲੀਟੇਟਰਜ ਦੀਆਂ ਰੁਕੀਆਂ ਤਨਖਾਹਾਂ ਹੋਣਗੀਆਂ ਅੱਜ ਜਾਰੀ




**ਗੁਰਦਾਸਪੁਰ-ਨਵਨੀਤ ਕੁਮਾਰ/ਜਤਿੰਦਰ ਕੁਮਾਰ**

ਆਸਾ ਵਰਕਰਜ ਅਤੇ ਫੈਸੀਲੀਟੇਟਰਜ ਦੀਆਂ ਦੋ ਮਹੀਨਿਆਂ ਤੋਂ ਰੁਕੀਆਂ ਤਨਖਾਹਾਂ ਅੱਜ ਜਾਰੀ ਕਰ ਦਿੱਤੀਆਂ ਜਾਣਗੀਆਂ। ਕੋਵਿਡ ਵੈਕਸੀਨ ਲਗਵਾਉਣ ਸਮੇਂ ਆਸਾ ਵਰਕਰਜ ਅਤੇ ਫੈਸੀਲੀਟੇਟਰਜ ਦੇ ਖੁਰਾਕ ਭੱਤਾ,ਵੈਕਸੀਨ ਲਿਆਉਣ ਅਤੇ ਲਗਵਾਉਣ ਦੇ ਪੈਸੇ ਬਜਟ ਆਉਂਣ ਤੇ ਦਿੱਤੇ ਜਾਣਗੇ।ਸ ਹਰਭਜਨ ਸਿੰਘ ਮਾਂਡੀ ਸਿਵਲ ਸਰਜਨ ਗੁਰਦਾਸਪੁਰ ਨਾਲ ਆਸਾ ਵਰਕਰਜ ਅਤੇ ਫੈਸੀਲੀਟੇਟਰਜ ਯੂਨੀਅਨ ਪੰਜਾਬ ਗੁਰਦਾਸਪੁਰ ਦੀ ਹੋਈ ਮੀਟਿੰਗ ਵਿੱਚ ਵਰਕਰਾਂ ਨੂੰ ਇਹ ਭਰੋਸਾ ਸਿਵਲ ਸਰਜਨ ਗੁਰਦਾਸਪੁਰ ਵਲੋਂ ਦਿਵਾਇਆ ਗਿਆ। ਬਲਵਿੰਦਰ ਕੌਰ ਅਲੀ ਸੇਰ ਅਤੇ ਜਰਨਲ ਸਕੱਤਰ ਗੁਰਵਿੰਦਰ ਕੌਰ ਬਹਿਰਾਮਪੁਰ ਦੀ ਅਗਵਾਈ ਹੇਠ ਹੋਈ ਮੀਟਿੰਗ ਵਿੱਚ ਵਰਕਰਾਂ ਦੀਆਂ ਰੁਕੀਆਂ ਤਨਖਾਹਾਂ ਜਾਰੀ ਕਰਨ, ਕਰੋਨਾ ਮਹਾਂਮਾਰੀ ਨਾਲ ਸਬੰਧਤ ਕੰਮਾਂ ਦੀ ਅਦਾਇਗੀ ਦੇਣ, ਟੀਬੀ ਮਰੀਜਾਂ ਦੀ ਦੇਖਭਾਲ ਕਰਨ ਦੇ ਇਵਜਾਨੇ ਵਜੋਂ ਮਾਣ ਭੱਤਾ ਦੇਣ, ਵਾਧੂ ਡਿਊਟੀਆਂ ਲੈਣਾ ਬੰਦ ਕਰਨ, ਅਤੇ ਸਿਵਲ ਹਸਪਤਾਲ ਗੁਰਦਾਸਪੁਰ ਵਿੱਚ ਵਰਕਰਾਂ ਵੱਲੋਂ ਲਿਆਂਦੇ ਮਰੀਜਾਂ ਦੀ ਖਜਲ ਖੁਆਰੀ ਬੰਦ ਕਰਵਾਉਣ ਦਾ ਮੁੱਦਾ ਉਠਾਇਆ ਗਿਆ। ਪ੍ਰੈਸ ਨੂੰ ਜਾਣਕਾਰੀ ਦਿੰਦੇ ਹੋਏ ਜਥੇਬੰਦੀ ਦੇ ਪ੍ਰੈਸ ਸਕੱਤਰ ਸ੍ਰੀਮਤੀ ਆਂਚਲ ਮੱਟੂ ਬਟਾਲਾ ਨੇ ਕਿਹਾ ਸਿਵਲ ਸਰਜਨ ਗੁਰਦਾਸਪੁਰ ਨੇ ਭਰੋਸਾ ਦਿਵਾਇਆ ਹੈ ਕਿ ਦੋ ਮਹੀਨਿਆਂ ਤੋਂ ਰੁਕੀਆਂ ਤਨਖਾਹਾਂ ਅੱਜ ਜਾਰੀ ਕਰ ਦਿੱਤੀਆਂ ਜਾਣਗੀਆਂ ਅਤੇ ਹਰ ਮਹੀਨੇ ਸੱਤ ਤਾਰੀਖ ਨੂੰ ਅਦਾਇਗੀ ਕਰ ਦਿੱਤੀ ਜਾਵੇਗੀ।ਐਮਰਜੈਂਸੀ ਦਵਾਈਆਂ ਮੁਹੱਈਆ ਕਿੱਟਾਂ ਐਸ ਐਮ ਓਜ ਪੱਧਰ ਤੇ ਦਿਤੀਆਂ ਜਾਣਗੀਆਂ। ਫੈਸਲੀਟੇਟਰਜ ਨੂੰ ਕਰੋਨਾ ਵੈਕਸੀਨ ਡਿਊਟੀ ਦਾ ਮਿਹਨਤਾਨਾ ਦਿੱਤਾ ਜਾਵੇਗਾ। ਜਿਸ ਸਬ ਸੈਂਟਰ ਵਿਚ ਏ ਐਨ ਐਮ ਦੀ ਅਸਾਮੀ ਖਾਲੀ ਹੈ ਉਥੇ ਬਦਲਵੇਂ ਪ੍ਰਬੰਧ ਕਰਨ ਲਈ ਸੀਨੀਅਰ ਮੈਡੀਕਲ ਅਫਸਰ ਨੂੰ ਲਿਖਿਆ ਜਾਵੇਗਾ। ਮੀਟਿੰਗ ਵਿੱਚ ਗੁਰਵਿੰਦਰ ਕੌਰ ਦੁਰਾਂਗਲਾ ਕਾਂਤਾ ਦੇਵੀ ਭੁੱਲਰ ਬਲਵਿੰਦਰ ਕੌਰ ਰਾਵਲਪਿੰਡੀ ਸੂਬਾ ਆਗੂ ਡੈਮੋਕ੍ਰੇਟਿਕ ਮੁਲਾਜਮ ਫੈਡਰੇਸਨ ਪੰਜਾਬ, ਅਮਨਦੀਪ ਸਿੰਘ ਕੋਆਰਡੀਨੇਟਰ ਆਸਾ ਵਰਕਰਜ ਅਤੇ ਫੈਸੀਲੀਟੇਟਰਜ ਹਾਜਰ ਸਨ।

# ਸਰਕਾਰੀ ਸਕੂਲ ਦੇ ਬੱਚਿਆਂ ਲਈ ਈ-ਰਿਕਸਾ ਭੇਂਟ ਕੀਤਾ



**ਗੁਰਦਾਸਪੁਰ/ਨਵਨੀਤ ਕੁਮਾਰ/ਜਤਿੰਦਰ ਕੁਮਾਰ**

ਸਰਕਾਰੀ ਸਕੂਲ ਮੁੱਖੀ , ਸਕੂਲ ਮੈਨਜਮੈਂਟ ਕਮੇਟੀ ਚੇਅਰਮੈਨ ਤੇ ਸਮਾਜਿਕ ਭਾਈਚਾਰੇ ਵੱਲੋਂ ਅੱਜ ਆਪਣੀ ਜੇਬ ਵਿੱਚੋਂ ਰਾਸੀ ਖਰਚ ਕਰਕੇ ਸਰਕਾਰੀ ਸੀਨੀ : ਸੈਕੰ: ਸਮਾਰਟ ਸਕੂਲ ਮਗਰਮੂਧੀਆਂ ਵਿੱਚ ਪੜ੍ਹਦੇ ਬੱਚਿਆ ਦੇ ਆਉਣ ਜਾਣ ਲਈ ਈ-ਰਿਕਸਾ ਭੇਂਟ ਕੀਤਾ।

ਇਸ ਸਬੰਧੀ ਜਾਣਕਾਰੀ ਦਿੰਦੇ ਸਕੂਲ ਦੇ ਪ੍ਰਿੰਸੀਪਲ ਸਫੀ ਕੁਮਾਰ ਨੇ ਦੱਸਿਆ ਕਿ ਉਨ੍ਹਾਂ ਦੇ ਸਕੂਲ ਵਿੱਚ ਛੇਵੀਂ ਤੋਂ ਬਾਰ੍ਹਵੀਂ ਤੱਕ ਦੇ ਬੱਚੇ ਜਿੱਥੇ ਸਿੱਖਿਆ ਪ੍ਰਾਪਤ ਕਰ ਰਹੇ ਹਨ , ਉੱਥੇ ਸਿੱਖਿਆ ਵਿਭਾਗ ਦੀਆਂ ਹਦਾਇਤਾਂ ਤੇ ਅਮਲ ਕਰਦਿਆਂ ਪ੍ਰੀ ਪ੍ਰਾਇਮਰੀ ਵੀ ਸੁਰੂ ਕੀਤੀ ਹੈ ਅਤੇ ਹੁਣ ਉਨ੍ਹਾਂ ਦੇ ਸਕੂਲ ਵਿੱਚ ਪ੍ਰੀ ਪ੍ਰਾਇਮਰੀ ਵਿੱਚ 42 ਬੱਚੇ ਪੜ੍ਹਦੇ ਹਨ। ਉਨ੍ਹਾਂ ਦੀ ਆਉਣ ਜਾਣ ਦੀ ਸਹੂਲਤ ਲਈ ਉਨ੍ਹਾਂ ਵੱਲੋਂ, ਐਸ. ਐਮ. ਸੀ. ਚੇਅਰਮੈਨ ਜਸਪਾਲ ਸਿੰਘ ਅਤੇ ਸਮਾਜਿਕ ਭਾਈਚਾਰੇ ਵੱਲੋਂ 1 ਲੱਖ 18 ਹਜਾਰ ਦੀ ਰਾਸੀ ਖਰਚ ਕਰਕੇ ਈ-ਰਿਕਸਾ ਖਰੀਦਿਆ ਹੈ। ਅੱਜ ਈ- ਰਿਕਸਾ ਸਕੂਲ ਪਹੁੰਚਣ ਤੇ ਜਲ੍ਹਿਾ ਸਿੱਖਿਆ ਅਫਸਰ ਸੈਕੰਡਰੀ ਹਰਪਾਲ ਸਿੰਘ ਵੱਲੋਂ ਰਿਬਨ ਕੱਟ ਕੇ ਇਸ ਦੀ ਸੁਰੂਆਤ ਕੀਤੀ ਅਤੇ ਸਾਬਾਸੀ ਦਿੰਦੇ ਹੋਏ ਕੀਤੇ ਜਾ ਰਹੇ ਕਾਰਜਾਂ ਦੀ ਪ੍ਰਸੰਸਾ ਕੀਤੀ। ਇਸ ਮੌਕੇ ਮੀਡੀਆ ਕੋਆਰਡੀਨੇਟਰ ਗਗਨਦੀਪ ਸਿੰਘ , ਡੀ.ਐਮ. ਗਣਿਤ ਗੁਰਨਾਮ ਸਿੰਘ , ਡੀ.ਐਮ. ਅੰਗਰੇਜੀ / ਐਸ . ਐਸ . ਟੀ. ਨਰਿੰਦਰ ਸਿੰਘ , ਬੀ.ਐਮ. ਪਰਮਿੰਦਰ ਸਿੰਘ ਸਮੇਤ ਸਮੂਹ ਸਟਾਫ ਹਾਜਰ ਸੀ।

# ਅਰੁਣਾ ਚੌਧਰੀ ਵੱਲੋਂ ਕਰਵਾਇਆ ਵਿਕਾਸ ਮੂੰਹੋ ਬੋਲ ਰਿਹਾ ਹੈ : ਸਰਪੰਚ ਹਜੂਰ ਸਿੰਘ



**ਗੁਰਦਾਸਪੁਰ-ਨਵਨੀਤ ਕੁਮਾਰ/ਮੰਗੋਤਰਾ ਸਾਬ**

ਕੈਬਨਿਟ ਮੰਤਰੀ ਪੰਜਾਬ ਸ੍ਰੀਮਤੀ ਅਰੁਣਾ ਚੌਧਰੀ ਵੱਲੋਂ ਵਿਧਾਨ ਸਭਾ ਹਲਕਾ ਦੀਨਾਨਗਰ ਅਧੀਂਨ ਆਉਂਦੇ ਪਿੰਡਾਂ ,ਸਹਿਰਾਂ ਵਿੱਚ ਕਰਵਾਇਆ ਵਿਕਾਸ ਮੂੰਹੋ ਬੋਲ ਰਿਹਾ ਹੈ ।ਇਹਨਾਂ ਸਬਦਾਂ ਦਾ ਪ੍ਰਗਟਾਵਾ ਸਰਪੰਚ ਹਜੂਰ ਸਿੰਘ ਨੀਵਾ ਧਕਾਲਾ ਵੱਲੋਂ ਕੀਤਾ ਗਿਆ ।ਸਰਪੰਚ ਹਜੂਰ ਸਿੰਘ ਵੱਲੋਂ ਦੱਸਿਆ ਕਿ ਕੈਬਨਿਟ ਮੰਤਰੀ ਪੰਜਾਬ ਸ੍ਰੀਮਤੀ ਅਰੁਣਾ ਚੌਧਰੀ ਅਤੇ ਸੀਨੀਅਰ ਕਾਂਗਰਸੀ ਆਗੂ ਅਸੋਕ ਚੌਧਰੀ ਵੱਲੋਂ ਜਿੰਨਾ ਵਿਕਾਸ ਦੀਨਾਨਗਰ ਹਲਕੇ ਵਿੱਚ ਕਰਵਾ ਦਿੱਤਾ ਹੈ ,ਉਨ੍ਹਾਂ ਵਿਕਾਸ ਕਿਸੇ ਵੀ ਸਿਆਸੀ ਪਾਰਟੀ ਵੱਲੋਂ ਪਹਿਲਾ ਨਹੀ ਕਰਵਾਇਆ ।ਉਹਨਾ ਕਿਹਾ ਕਿ ਚੌਧਰੀ ਸਾਹਿਬਾ ਵੱਲੋਂ ਬਲਾਕ ਦੋਰਾਂਗਲਾ ਅਧੀਂਨ ਆਉਂਦੇ ਪਿੰਡਾਂ ਵਿੱਚ ਦਿਨਰਾਤ ਮਿਹਨਤ ਕਰਕੇ ਹਰ ਪਿੰਡ ਆਪ ਪਹੁੰਚ ਕੇ ਲੋਕਾਂ ਦੀਆਂ ਸਮੱਸਿਆਵਾਂ ਸੁਣਿਆਂ ਅਤੇ ਉਹਨਾਂ ਦਾ ਹੱਲ ਵੀ ਕੀਤਾ ਹੈ ।ਇਸ ਤੋਂ ਇਲਾਵਾ ਉਹਨਾ ਪਿੰਡਾਂ ਅਤੇ ਸਹਿਰਾਂ ਨੂੰ ਬਿੰਨਾ ਕਿਸੇ ਪੱਖਪਾਤ ਵਿਕਾਸ ਲਈ ਗ੍ਰਾਂਟਾਂ ਮਹੱਇਆ ਕਰਵਾਇਆ ਹਨ ।

# ਹੈਜਾ ਦੇ ਮਾਮਲੇ ਆਉਣ ਤੋਂ ਬਾਅਦ ਰਾਜਨੀਤੀ ਦਾ ਅਖਾੜਾ ਬਣੀ ਬਲਟਾਣਾ ਦੀ ਏਕਤਾ ਵਿਹਾਰ ਕਾਲੋਨੀ

## ਹੈਜਾ ਮਰੀਜਾਂ ਦੀ ਗਿਣਤੀ 250 ਤੋਂ ਹੋਈ ਪਾਰ

**ਜੀਰਕਪੁਰ/ਅਵਤਾਰ ਸਿੰਘ**



ਜੀਰਕਪੁਰ ਨਗਰ ਕੌਂਸਲ ਦੇ ਵਾਰਡ ਨੰਬਰ-5 ਅਧੀਨ ਪੈਂਦੀ ਬਲਟਾਣਾ ਖੇਤਰ ਦੀ ਏਕਤਾ ਵਿਹਾਰ ਕਾਲੋਨੀ ਵਿੱਚ ਹੈਜਾ ਦੇ ਮਰੀਜ ਆਉਣ ਤੋਂ ਬਾਅਦ ਹੋਈਆ ਦੋ ਮੌਤਾਂ ਤੋਨ ਬਾਅਦ ਇਹ ਕਾਲੋਨੀ ਰਾਜਨੀਤੀ ਦਾ ਅਖਾੜਾ ਬਣ ਕੇ ਰਹਿ ਗਈ ਹੈ ਜਿਨ ਾਂ ਸਿਆਸੀ ਲੀਡਰਾਂ ਨੇ ਕਦੇ ਇਸ ਕਾਲੋਨੀ ਦਾ ਨਾਮ ਵੀ ਨਹੀ ਸੁਣਿਆ ਸੀ ਉਹ ਵੀ ਇੱਥੇ ਰਾਜਨੀਤੀ ਚਮਕਾਉਣ ਤੋਂ ਬਾਜ ਨਹੀ ਆ ਰਹੇ ਹਨ ਜਿੱਥੇ ਇਸ ਸਮਸਿਆ ਨੂੰ ਹਲਕਾ ਵਿਧਾਇਕ ਐਨ ਕੇ ਸ਼ਰਮਾ ਵਲੋਂ ਗੰਭੀਰਤਾ ਨਾਲ ਲਿਆ ਜਾ ਰਿਹਾ ਹੈ ਉੱਥੇ ਹਲਕਾ ਕਾਂਗਰਸ ਇੰਚਾਰਜ ਦੀਪਇੰਦਰ ਸਿੰਘ ਢਿੱਲੋਂਨ ਵੀ ਮਾਮਲੇ ਦੀ ਪੁਰੀ ਜਾਣਕਾਰੀ ਲੈ ਰਹੇ ਹਨ ਅਤੇ ਨਗਰ ਕੌਂਸਲ ਦੇ ਪ੍ਰਧਾਨ ਉਦੇਵੀਰ ਢਿੱਲੋਂ ਵੀ ਰੋਜਾਨਾ ਦੋ ਸਮੇ ਮੌਕੇ ਤੇ ਆ ਕੇ ਜਾਇਜਾ ਲੈ ਰਹੇ ਹਨ ਇਸ ਤੋਂ ਇਲਾਵਾ ਹਲਕੇ ਵਿੱਚ ਸਰਗਰਮ ਆਗੂਆ ਵਲੋਂ ਇਸ ਸਮਸਿਆ ਲਈ ਅਕਾਲੀਦਲ ਅਤੇ ਕਾਂਗਰਸ ਨੂੰ ਜਿੰਮੇਵਾਰ ਦਸਿਆ ਜਾ ਰਿਹਾ ਹੈ ਭਾਵੇਂ ਇਹ ਲੀਡਰ ਰਾਜਨੀਤੀ ਚਮਕਾਉਣ ਤਾਂ ਮੌਕੇ ਤੇ ਪੁੱਜ ਰਹੇ ਹਨ ਪਰ ਇਨ ਾਂ ਵਿੱਚੋਂ ਹਲਕਾ ਇੰਚਾਰਜ ਦੀਪਇੰਦਰ ਸਿੰਘ ਢਿੱਲੋਂ ਅਤੇ ਹਲਕਾ ਵਿਧਾਇਕ ਐਨ ਕੇ ਸ਼ਰਮਾ ਤੋਂ ਹਰ ਆਗੂ ਮੌਕੇ ਤੇ ਸ਼ਾਬਾਸ਼ੀ ਦੀਆ ਰੋਟੀਆਂ ਅਤੇ ਵਾਹ ਵਾ ਜੀ ਦੀ ਦਾਲ ਹੀ ਵੰਡ ਕੇ ਆ ਰਿਹਾ ਹੈ ਆਲਮ ਇਹ ਹੈ ਕਿ ਪੰਜਾਬ ਦੇ ਸਭ ਤੋਂ ਮਾਡਲ ਵਾਰਡ ਵਿੱਚ ਸਿਹਤ ਕੈਂਪ ਲਗਾ ਕੇ ਬੈਠੇ ਸਿਹਤ ਵਿਭਾਗ ਦੀ ਟੀਮ ਕੋਲ ਮਰੀਜਾਂ ਨੂੰ ਦੇਣ ਲਈ ਦਵਾਈ ਵੀ ਮੁਹਈਆ ਨਹੀ ਹੈ ਅਤੇ ਡਾਕਟਰਾਂ ਦੀ ਮੰਗ ਤੇ ਖੇਤਰ ਵਿੱਚ ਅੱਖਾ ਖਰਾਬ ਹੋ ਚੁਕੀਆ ਅੱਖਾਂ ਵਾਲੇ ਪੱਤਰਕਾਰ ਵਲੋਂ ਅਪਣੇ ਪੈਸਿਆ ਨਾਲ ਮਰੀਜਾ ਲਈ ਲੋੜੀਂਦੀ ਦਵਾਈ ਅਤੇ ਓ ਆਰ ਐਸ ਦੇ ਪੈਕਟ ਮੁਹਈਆ ਕਰਵਾਏ ਗਏ ਹਨ ਜਦਕਿ ਮੌਕੇ ਤੇ ਰਾਜਨੀਤੀ ਚਮਕਾਉਣ ਵਾਲੇ ਲੀਡਰਾਂ ਵਲੋਂ ਮ੍ਰਿਤਕਾਂ ਦੇ ਪਰਿਵਾਰ ਲਈ ਕੁਝ ਵੀ ਨਹੀ ਸਰਿਆ ਇਸ ਦੌਰਾਨ ਅੱਜ ਜਿੱਥੇ ਸਿਹਤ ਵਿਭਾਗ ਵਲੋਂ ਮੌਕੇ ਤੇ ਲਗਾਏ ਕੈਂਪ ਦੌਰਾਨ 60 ਮਰੀਜਾਂ ਦੀ ਜਾਚ ਕੀਤੀ ਗਈ ਜਿਨ ਾ ਤੋਂ ਬਾਅਦ ਹੈਜਾ ਨਾਲ ਪ੍ਰਭਾਵਿਤ ਮਰੀਜਾ ਦੀ ਗਣਤੀ 250 ਨੂੰ ਪਾਰ ਕਰ ਗਈ ਹੈ ਸਿਹਤ ਵਿਭਾਗ ਦੀ ਮੰਨੀਏ ਤਾਂ ਇਹ ਆਕੜਾਂ ਕਿਸੇ ਵੱਧ ਹੈ ਕਿਉਂ ਕਿ ਹਾਲੇ ਬਲਟਾਣਾ ਅਤੇ ਜੀਰਕਪੁਰ ਦੀਆ ਬਾਕੀਆ ਕਾਲੋਨੀਆਂ ਵਿੱਚ ਮਰੀਜਾ ਦੀ ਜਾਂਚ ਕੀਤੀ ਜਾਣੀ ਬਾਕੀ ਹੈ ਇਸ ਦੌਰਾਨ ਵਿਧਾਇਕ ਐਨ ਕੇ ਸ਼ਰਮਾ ਵਲੋਂ ਵੀ ਅਪਣੇ ਪੱਧਰ ਤੇ ਖੇਤਰ ਵਿੱਚ ਸਿਹਤ ਕੈਂਪ ਲਗਾ ਕੇ ਮਰੀਜਾ ਦੀ ਜਾਂਚ ਕੀਤੀ ਗਈ ਓਤੇ ਉਨ ਾਂ ਨੂੰ ਦਵਾਈਆਂ ਅਤੇ ਓ ਆਰ ਐਸ ਦੇ ਘੋਲ ਵੰਡੇ ਗਏ ਜਦਕਿ ਸਿਹਤ ਵਿਭਾਗ ਅਪਣੇ ਤੌਰ ਤੇ ਵੱਖਰੀ ਮਰੀਜਾਂ ਦੀ ਜਾਂਚ ਕਰ ਰਿਹਾ ਹੈ ਇਸ ਤੋਂ ਇਲਾਵਾ ਵਿਭਾਗ ਵਲੋਂ ਪਾਣੀ ਦੀ ਮਿਲਾਵਟ ਹੋਣ ਦਾ ਸਰੋਤ ਲੱਭ ਕੇ ਉਸ ਦੀ ਮੁਰਮੰਤ ਕਰਵਾ ਦਿੱਤੀ ਗਈ ਹੈ ਜਿੱਥੇ ਅਕਾਲੀਦਲ ਵਲੋਂ ਇਸ ਸਾਰੀ ਕਾਰਵਾਈ ਲਈ ਕਾਂਗਰਸ ਨੂੰ ਜਿੰਮੇਵਾਰ ਦਸਿਆ ਜਾ ਰਿਹਾ ਹੈ ਉੱਥੇ ਕਾਂਗਰਸ ਇਸ ਨਾਕਾਮੀ ਦਾ ਠੀਕਰਾ ਅਕਾਲੀਦਲ ਦੇ ਸਿਰ ਭੰਨ ਰਿਹਾ ਹੈ ਜਦਕਿ ਬਾਕੀ ਪਾਰਟੀਆ ਦੇ ਸਿਆਸੀ ਲੀਡਰ ਇਸ ਨੂੰ ਦੋਵਾਂ ਪਾਰਟੀਆ ਦੀ ਨਾਕਾਮੀ ਦੱਸ ਰਹੀਆ ਹਨ ਲੀਡਰਾਂ ਦੀ ਆਪਸੀ ਖਹਿਬਾਜੀ ਤੋਂ ਤੰਗ ਇਸ ਖੇਤਰ ਦੇ ਲੋਕਾਂ ਦਾ ਕਹਿਣਾ ਹੈ ਕਿ ਉਹ ਰਾਜਨੀਤੀ ਚਮਕਾਉਣ ਦੀ ਬਜਾਏ ਪ੍ਰਭਾਵਿਤ ਲੋਕਾਂ ਦੀ ਮਦਦ ਕਰਨ ਉਨ ਾਂ ਪਰਸਾਸ਼ਨ ਤੋਨ ਮੰਗ ਕੀਤੀ ਕਿ ਬਿਨਾ ਦੇਰੀ ਤੋਂ ਉਨ ਾ ਦੀ ਕਾਲੋਨੀ ਵਿੱਚ ਫੈਲੀ ਇਸ ਸਮਸਿਆ ਦਾ ਹੱਲ ਕਰਵਾ ਕੇ ਸਾਫ ਪਾਣੀ ਮੁਹਇਆ ਕਰਵਾਇਆ ਜਾਵੇ ਤਾਂ ਜੋ ਉਹ ਬਿਮਾਰੀ ਤੋਂ ਮੁਕਤ ਹੋ ਸਕਣ।

# ਸਰਕਾਰੀ ਆਈ.ਟੀ.ਆਈ.(ਲੜਕੀਆ) ਲੁਧਿਆਣਾ ਵਿਖੇ ਸੈਸ਼ਨ 2021-22 ਲਈ ਆਨਲਾਈਨ ਦਾਖਲਾ ਪ੍ਰਕਿਰਿਆ ਸ਼ੁਰੂ

**ਲੁਧਿਆਣਾ/ਕਰਨ ਅੱਗਰਵਾਲ**

ਸਰਕਾਰੀ ਆਈ.ਟੀ.ਆਈ.(ਲੜਕੀਆ) ਲੁਧਿਆਣਾ ਵਿਖੇ ਸ਼ੈਸਨ 2021-2022 ਲਈ ਕੋਵਿਡ-19 ਦੀਆ ਹਦਾਇਤਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਆਨਲਾਈਨ ਦਾਖਲਾ ਪ੍ਰਕਿਰਿਆ ਸ਼ੁਰੂ ਹੋ ਚੁੱਕੀ ਹੈ।ਆਈ.ਟੀ.ਆਈ. ਦੇ ਪ੍ਰਿਸੀਪਲ ਸ.ਬਲਜੀਤ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸੰਸਥਾ ਵਿਖੇ ਕਰਾਫਟਮੈਨ ਸਕੀਮ ਅਧੀਨ ਕਟਾਈ, ਸਿਲਾਈ, ਕਢਾਈ, ਕੰਪਿਊਟਰ, ਫੈਸ਼ਨ ਡਿਜਾਇੰਨ ਤਕਨਾਲੋਜੀ ਅਤੇ ਟੀਚਰ ਟ੍ਰੇਨਿੰਗ ਟਰੇਡਾਂ ਵਿੱਚ ਦਾਖਲਾ ਕੀਤਾ ਜਾ ਰਿਹਾ ਹੈ। ਇਸ ਤੋਂ ਇਲਾਵਾ ਸਰਕਾਰ ਦੁਆਰਾ ਚਲਾਈ ਗਈ ਨਵੀਂ ਸਕੀਮ ਡੀ.ਐਸ.ਟੀ. (ਡਿਊਲ ਸਿਸਟਮ ਟ੍ਰੇਨਿੰਗ) ਅਧੀਨ (ਕਟਾਈ ਸਿਲਾਈ), (ਕਢਾਈ) ਟਰੇਡਾਂ ਦਾ ਦਾਖਲਾ ਵੀ ਕੀਤਾ ਜਾ ਰਿਹਾ ਹੈ ਅਤੇ ਘੱਟ ਆਮਦਨ ਵਾਲੇ ਐਸ.ਸੀ. ਸਿਖਿਆਰਥੀਆ ਦੀ ਟ੍ਰੇਨਿੰਗ ਮੁਫਤ ਹੋਵੇਗੀ। ਸਿਖਿਆਰਥੀਆ ਲਈ ਬੱਸ ਪਾਸ ਦੀ ਸਹੂਲਤ ਸਰਕਾਰ ਵੱਲੋ ਦਿੱਤੀ ਜਾਵੇਗੀ। ਸੰਸਥਾ ਦੇ ਪ੍ਰਿੰਸੀਪਲ ਵੱਲੋ ਦੱਸਿਆ ਗਿਆ ਕਿ ਜੋ ਸਿਖਿਆਰਥੀ ਡੀ.ਐਸ.ਟੀ. ਸਕੀਮ ਅਧੀਨ ਕੋਰਸ ਪਾਸ ਕਰਨਗੇ ਉਹਨਾ ਦੀ ਪਲੇਸਮੈਂਟ 100 ਫੀਸਦੀ ਯਕੀਨੀ ਬਣਾਈ ਜਾਵੇਗੀ। ਇਹ ਸਾਰੇ ਕੋਰਸ ਭਾਰਤ ਸਰਕਾਰ ਵੱਲੋ ਮਾਨਤਾ ਪ੍ਰਾਪਤ ਹਨ।




# ਕਾਂਗਰਸ ਨੇ ਨੌਜਵਾਨਾਂ ਦੀ ਕੋਈ ਸਾਰ ਨਹੀਂ ਲਈ : ਐਨ.ਕੇ.ਸ਼ਰਮਾ



**ਜੀਰਕਪੁਰ/ਰਵੀ ਜੀਰਕਪੁਰ**

ਕਾਂਗਰਸ ਪਾਰਟੀ ਦੀਆਂ ਗਲਤ ਨੀਤੀਆਂ ਤੋਂ ਦੁਖੀ ਹੋਇਆ ਨੌਜਵਾਨ ਵਰਗ ਵੱਡੀ ਪੱਧਰ ’ਤੇ ਸ੍ਰੋਮਣੀ ਅਕਾਲੀ ਦਲ ਬਸਪਾ ਨਾਲ ਜੁੜ ਰਿਹਾ ਹੈ। ਕਾਂਗਰਸ ਪਾਰਟੀ ਨੇ ਘਰ ਘਰ ਨੌਕਰੀ ਦਾ ਝੂਠਾ ਲਾਰਾ ਲਾ ਕੇ ਨੌਜਵਾਨਾਂ ਨੂੰ ਦਰ ਦਰ ਦੀਆਂ ਠੋਕਰਾਂ ਖਾਣ ਲਈ ਮਜ਼ਬੂਰ ਕਰ ਦਿੱਤਾ। ਇਨ ਾਂ ਗੱਲਾਂ ਦਾ ਪ੍ਰਗਟਾਵਾ ਅੱਜ ਹਲਕਾ ਵਿਧਾਇਕ ਐਨ.ਕੇ.ਸ਼ਰਮਾ ਨੇ ਲਾਲੜੂ ਸਰਕਲ ਦੇ ਪਿੰਡ ਹਮਾਯੂੰਪੁਰ ਤਸਿੰਬਲੀ ਤਸਿੰਬਲੀ ਤੋਂ ਅੱਧੀ ਦਰਜਨ ਨੌਜਵਾਨਾਂ ਨੂੰ ਸ੍ਰੋਮਣੀ ਅਕਾਲੀ ਦਲ ਵਿਚ ਸ਼ਾਮਲ ਕਰਦਿਆਂ ਕੀਤਾ। ਉਨ ਾਂ ਕਿਹਾ ਸ੍ਰੋਮਣੀ ਅਕਾਲੀ ਦਲ ਬਸਪਾ ਦੀ ਸਰਕਾਰ ਬਣਨ ’ਤੇ ਨੌਜਵਾਨਾਂ ਲਈ ਵੱਧ ਤੋਂ ਵੱਧ ਰੁਜ਼ਗਾਰ ਦੇ ਸਾਧਨ ਪੈਦਾ ਕੀਤੇ ਜਾਣਗੇ। ਉਨ ਾਂ ਕਿਹਾ ਕਾਂਗਰਸ ਪਾਰਟੀ ਨੇ ਸੂਬੇ ਨੂੰ ਲੁੱਟਣ ਤੋਂ ਸਿਵਾਏ ਹੋਰ ਕੋਈ ਕੰਮ ਨਹੀਂ ਕੀਤਾ। ਇਸ ਮੌਕੇ ਸ੍ਰੋਮਣੀ ਅਕਾਲੀ ਦਲ ’ਚ ਸ਼ਾਮਲ ਹੋਣ ਵਾਲਿਆਂ ’ਚ ਲਾਲ ਸਿੰਘ ਸਾਬਕਾ ਸਰਪੰਚ ਜੰਡਲੀ, ਸਤਨਾਮ ਸਿੰਘ, ਅੰਕਿਤ ਸ਼ਰਮਾ, ਕੇਵਲ ਸ਼ਰਮਾ, ਯੋਗੇਸ਼ ਸ਼ਰਮਾ ਸਮੇਤ ਹੋਰਨਾਂ ਨੌਜਵਾਨਾਂ ਨੇ ਖੁਸ਼ੀ ਜਾਹਰ ਕਰਦਿਆਂ ਐਨ.ਕੇ ਸ਼ਰਮਾਂ ਨੂੰ ਭਰੋਸਾ ਦਿਵਾਇਆ ਕਿ ਉਹ ਪਾਰਟੀ ਵੱਲੋਂ ਸੌਂਪੀ ਗਈ ਡਿਊਟੀ ਨੂੰ ਪੂਰੀ ਤਨਦੇਹੀ ਨਾਲ ਨਿਭਾਉਣਗੇ। ਐਨ.ਕੇ. ਸ਼ਰਮਾ ਨੇ ਉਕਤ ਨੌਜਵਾਨਾਂ ਦਾ ਪਾਰਟੀ ਵਿਚ ਆਉਣ ’ਤੇ ਸਵਾਗਤ ਕਰਦਿਆਂ ਕਿਹਾ ਅਕਾਲੀ ਦਲ ਬਸਪਾ ਵਿਚ ਉਨ ਾਂ ਨੂੰ ਪੂਰਾ ਮਾਣ ਸਤਿਕਾਰ ਦਿੱਤਾ ਜਾਵੇਗਾ। ਉਨ ਾਂ ਕਿਹਾ ਸ੍ਰੋਮਣੀ ਅਕਾਲੀ ਦਲ ਨੇ ਲਾਰੇ ਲੱਪੇ ਨਹੀਂ ਬਲਕਿ ਲੋਕਾਂ ਨਾਲ ਕੀਤੇ ਵਾਅਦਿਆਂ ਨੂੰ ਪੂਰਾ ਕਰਕੇ ਲੋਕਾਂ ਦਾ ਵਿਸ਼ਵਾਸ ਪ੍ਰਾਪਤ ਕੀਤਾ ਸੀ ਅਤੇ ਹੁਣ ਫਿਰ ਦਿਨ ਪ੍ਰਤੀ ਦਿਨ ਇਹ ਵਿਸ਼ਵਾਸ ਹੋ ਪੱਕਾ ਹੁੰਦਾ ਜਾ ਰਿਹਾ ਹੈ।ਇਸ ਮੌਕੇ ਯੂਥ ਆਗੂ ਇੰਦਰਜੀਤ ਸ਼ਰਮਾ, ਲਖਬੀਰ ਸਿੰਘ ਹਮਾਯੂੰਪੁਰ, ਦਲਬੀਰ ਸਿੰਘ, ਦਲਜੀਤ ਸਿੰਘ ਸਮੇਤ ਹੋਰ ਆਗੂ ਹਾਜ਼ਰ ਸਨ।

# ਏਕਤਾ ਵਿਹਾਰ ਵਿੱਚ ਪੇਚਿਸ਼ ਫੈਲਣਾ ਵਿਧਾਇਕ ਸ਼ਰਮਾ ਦੇ ਵਿਕਾਸ ਦੇ ਨਾਮ ਤੇ ਕਿਤੇ ਵਿਨਾਸ਼ ਦਾ ਨਤੀਜਾ : ਮਨਪ੍ਰੀਤ ਸਿੰਘ ਸੰਧੂ

■ ਸੰਧੂ ਨੇ ਵੀ ਸਬੰਧਤ ਅਧਿਕਾਰੀਆ ਖਿਲਾਫ ਕਾਰਵਾਈ ਕਰਨ ਦੀ ਗੱਲ ਦੋਹਰਾਈ



**ਜੀਰਕਪੁਰ/ਰਵੀ ਜੀਰਕਪੁਰ**

ਸੋਮਵਾਰ ਨੂੰ ਬਲਟਾਣਾ ਖੇਤਰ ਵਿੱਚ ਪੇਚਿਸ਼ ਦੇ ਮਾਮਲੇ ਵਧਣ ਅਤੇ 2 ਵਿਅਕਤੀਆਂ ਦੀ ਮੌਤ ਤੋਂ ਬਾਅਦ ਮੰਗਲਵਾਰ ਨੂੰ ਪੰਜਾਬ ਐਗਰੋ ਦੇ ਉੱਪ ਚੇਅਰਮੈਨ ਅਤੇ ਹਲਕਾ ਡੇਰਾਬਸੀ ਦੇ ਸੀਨੀਅਰ ਕਾਂਗਰਸੀ ਆਗੂ ਮਨਪ੍ਰੀਤ ਸਿੰਘ ਬੰਨੀ ਸੰਧੂ ਨੇ ਮੌਕੇ ਦਾ ਜਾਈਜ਼ਾ ਲੈਣ ਤੋਂ ਬਾਅਦ ਮਰੀਜ਼ਾਂ ਦਾ ਹਾਲ ਜਾਣਿਆ ਤੇ ਮਰਨ ਵਾਲੇ ਬੱਚੇ ਦੇ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ। ਪੱਤਰਕਾਰਾਂ ਨਾਲ ਗੱਲ ਕਰਦੇ ਹੋਏ ਮਨਪ੍ਰੀਤ ਸਿੰਘ ਸੰਧੂ ਨੇ ਦੱਸਿਆ ਕਿ ਉਨ ਾਂ ਸਿਹਤ ਅਤੇ ਨਗਰ ਕੌਂਸਲ ਅਧਿਕਾਰੀਆਂ ਤੋਂ ਬਿਮਾਰੀ ਦੇ ਫੈਲਾਅ ਨੂੰ ਰੋਕਣ ਲਈ ਕੀਤੀਆਂ ਗਈਆਂ ਕਾਰਵਾਈਆਂ ਬਾਰੇ ਜਾਣਕਾਰੀ ਲੈ ਕੇ ਉਨ ਾਂ ਨੂੰ ਇਸ ਦੀ ਰਿਪੋਰਟ ਬਣਾ ਕੇ ਦੇਣ ਲਈ ਕਿਹਾ ਹੈ। ਸੰਧੂ ਨੇ ਦੱਸਿਆ ਕਿ ਮੈਡੀਕਲ ਟੀਮ ਅਤੇ ਐਂਬੂਲੈਂਸ ਸਥਾਈ ਤੌਰ ‘ਤੇ ਉਥੇ ਤਾਇਨਾਤ ਕੀਤੀ ਗਈ ਹੈ ਅਤੇ ਮੈਡੀਕਲ ਕੈਂਪ ਲਗਾਇਆ ਗਿਆ ਹੈ। ਘਰ ਘਰ ਜਾ ਕੇ ਸਰਵੇਖਣ ਸ਼ੁਰੂ ਕੀਤਾ ਜਾ ਚੁੱਕਾ ਹੈ। ਮਿਊਂਸਪਲ ਕਮੇਟੀ ਪੀਣ ਵਾਲੇ ਪਾਣੀ ਵਿੱਚ ਗੰਦਾ ਪਾਣੀ ਰਲਣ ਦੇ ਸਰੋਤਾਂ ਦੀ ਜਾਂਚ ਕਰ ਰਹੀ ਹੈ ਕਿਉਂਕਿ ਪੀਣ ਵਾਲੇ ਪਾਣੀ ਵਿੱਚ ਸੀਵਰੇਜ ਦੇ ਪਾਣੀ ਜਾਂ ਮੀਂਹ ਦੇ ਪਾਣੀ ਦੇ ਰਲਣ ਦਾ ਸ਼ੱਕ ਹੈ।ਉਨ ਾਂ ਅਧਿਕਾਰੀਆਂ ਨੂੰ ਨਿਰਦੇਸ਼ ਕੀਤੇ ਕਿ ਬਿਨਾ ਕਲੋਰੀਨ ਕਿਸੇ ਵੀ ਖੇਤਰ ਵਿੱਚ ਪਾਣੀ ਦੀ ਸਪਲਾਈ ਨਾ ਕੀਤੀ ਜਾਵੇ। ਇਸ ਮੌਕੇ ਬੰਨੀ ਸੰਧੂ ਨੇ ਕਿਹਾ ਕਿ ਬੀਤੇ 20 ਸਾਲਾ ਵਿੱਚ ਵਿਧਾਇਕ ਆਪਣੇ ਵੱਲੋਂ ਕੀਤੇ ਗਏ ਵਿਕਾਸ ਦਾ ਢੋਲ ਵਜਾ ਰਹੇ ਹਨ ਜਦਕੀ ਅਸਲ ਵਿੱਚ ਉਨ ਾਂ ਜ਼ੀਰਕਪੁਰ ਸ਼ਹਿਰ ਦਾ ਵਿਨਾਸ਼ ਕਰ ਕੇ ਰੱਖ ਦਿੱਤਾ ਹੈ। ਉਨ ਾਂ ਕਿਹਾ ਕਿ ਪੂਰੇ ਸ਼ਹਿਰ ਵਿੱਚ ਪਾਣੀ ਦੀ ਪਾਈਪਾਂ ਤੇ ਸੀਵਰੇਜ ਲਾਈਨ ਨੂੰ ਗਲਤ ਢੰਗ ਨਾਲ ਵਿਛਾਇਆ ਗਿਆ ਸੀ ਜਿਸ ਕਾਰਨ ਪਾਣੀ ਦੀ ਸਪਲਾਈ ਵਿੱਚ ਸੀਵਰੇਜ ਦਾ ਪਾਣੀ ਰਲ ਰਿਹਾ ਹੈ।ਉਧਾਰਣ ਦਿੰਦੇ ਹੋਏ ਉਨ ਾਂ ਪਿੰਡ ਭਬਾਤ ਦਾ ਜ਼ਿਕਰ ਕਰਦਿਆਂ ਦੱਸਿਆ ਕਿ ਵਿਧਾਇਕ ਦੇ ਇਸੇ ਦੇ ਵਿਕਾਸ ਦੇ ਮਾਡਲ ਕਰਕੇ 2019 ਵਿੱਚ ਦੂਸ਼ਿਤ ਪਾਣੀ ਦੀ ਸਪਲਾਈ ਹੋਣ ਕਾਰਨ ਪਿੰਡ ਭਬਾਤ ਦੇ ਦਲਿਤ ਮੁਹੱਲੇ ਵਿੱਚ ਜੈਨ ਮੰਦਿਰ ਦੇ ਸਾਹਮਣੇ ਵਾਲੀ ਗਲੀ ਵਿੱਚ ਇੱਕ ਨੌਜਵਾਨ ਦੀ ਮੌਤ ਹੋ ਗਈ ਸੀ। ਉਨ ਾਂ ਦੱਸਿਆ ਕਿ ਇਹ ਮਾਮਲਾ ਉਨ ਾਂ ਦੇ ਧਿਆਨ ਵਿੱਚ ਆਉਣ ਤੋਂ ਬਾਅਦ ਉਨ ਾਂ ਪਿੰਡ ਦੀਆਂ ਪਾਈਪ ਲਾਈਨਾਂ ਬਦਲੀ ਕਰਵਾਈਆਂ ਸਨ। ਉਨ ਾਂ ਦੱਸਿਆ ਕਿ ਵਿਧਾਇਕ ਸ਼ਰਮਾ ਦੇ 20 ਸਾਲਾ ਦੇ ਕਥਿਤ ਵਿਕਾਸ ਦੇ ਨਾਮ ਤੇ ਕੀਤੇ ਗਏ ਵਿਨਾਸ਼ ਮਾਡਲ ਤੇ ਹੀ ਸ਼ਹਿਰ ਵਿੱਚ ਮੀਂਹ ਦੇ ਪਾਣੀ ਦਾ ਸੀਵਰੇਜ ਲਾਈਨ ਵਿੱਚ ਹੀ ਨਿਕਾਸ ਕੀਤਾ ਹੋਇਆ ਹੈ। ਮੀਂਹ ਦੇ ਦਿਨਾਂ ਵਿੱਚ ਸੀਵਰੇਜ ਦਾ ਪਾਣੀ ਓਵਰਫਲੋਅ ਹੋ ਕੇ ਗਲੀਆਂ ਵਿੱਚ ਵਗਣ ਲੱਗ ਜਾਂਦਾ ਹੈ। ਸਿੱਟੇ ਵਜੋਂ ਬਿਮਾਰੀ ਫੈਲ ਜਾਂਦੀ ਹੈ।ਉਨ ਾਂ ਦੱਸਿਆ ਕਿ ਵਿਧਾਇਕ ਸ਼ਰਮਾ ਦੇ ਕਾਰਜਕਾਲ ਦੀ ਕਾਰਗੁਜ਼ਾਰੀ ਇਹ ਹੈ ਕਿ ਸੀਵਰੇਜ਼ ਦੀਆਂ ਪਾਈਪਾਂ ਵਿੱਚ ਦੀ ਹੀ ਪੀਣ ਵਾਲੇ ਪਾਣੀ ਦੀਆਂ ਪਾਈਪਾਂ ਪਾ ਦਿੱਤੀਆਂ ਗਈਆਂ ਹਨ। ਉਨ ਾਂ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਲੋਕਾਂ ਦੀ ਹਰ ਸੰਭਵ ਮਦਦ ਕੀਤੀ ਜਾਵੇ।ਉਨ ਾਂ ਮੰਗ ਕੀਤੀ ਕਿ ਨਗਰ ਕੌਂਸਲ ਅਧਿਕਾਰੀ ਇਸ ਮਾਮਲੇ ਦੀ ਉੱਚ ਪੱਧਰੀ ਜਾਂਚ ਕਰਵਾ ਕੇ ਸਮੱਸਿਆ ਲਈ ਜਿੰਮੇਵਾਰ ਅਧਿਕਾਰੀ ਅਤੇ ਠੇਕੇਦਾਰ ਖ਼ਿਲਾਫ਼ ਸਖਤ ਕਾਰਵਾਈ ਕਰੇ ਜਿਸ ਦੀ ਅਣਗਹਿਲੀ ਕਰਕੇ 2 ਕੀਮਤੀ ਜਾਨਾਂ ਚਲੀਆਂ ਗਈਆਂ ਹਨ।

# ਪਿੰਡ ਸਰਾਲੀ ਮੰਡ ਕਲਾਂ ਤੋਂ ਭੁੱਲਰ ਦੀ ਅਗਵਾਈ ਵਿਚ ਸੈਂਕੜੇ ਪਰਿਵਾਰ ਆਪ 'ਚ ਸ਼ਾਮਲ



**ਤਰਨਤਾਰਨ/ਦਿਲਬਾਗ ਸਿੰਘ ਜੋਹਲ**

ਪਿੰਡ ਸਰਹਾਲੀ ਮੰਡ ਕਲਾਂ ਵਿਖੇ ਆਮ ਆਦਮੀ ਪਾਰਟੀ ਦੇ ਹਲਕਾ ਇੰਚਾਰਜ ਲਾਲਜੀਤ ਸਿੰਘ ਭੁੱਲਰ ਤੇ ਉਨ੍ਹਾਂ ਦੀ ਧਰਮ ਪਤਨੀ ਸੁਰਿੰਦਰਪਾਲ ਕੌਰ ਭੁੱਲਰ ਦੀ ਅਗਵਾਈ ਹੇਠ ਸੈਂਕੜੇ ਪਰਿਵਾਰ ਰਵਾਇਤੀ ਪਾਰਟੀਆਂ ਨੂੰ ਅਲਵਿਦਾ ਕਹਿ ਆਮ ਆਦਮੀ ਪਾਰਟੀ ਵਿਚ ਸਾਮਿਲ ਹੋਏ। ਇਸ ਮੌਕੇ ਲੋਕਾਂ ਨੂੰ ਸ੍ਰੀ ਅਰਵਿੰਦ ਕੇਜਰੀਵਾਲ ਜੀ ਵੱਲੋਂ ਐਲਾਨੀ ਗਈ ਬਿਜਲੀ ਗਰੰਟੀ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਅਤੇ ਪਾਰਟੀ ਦੀਆਂ ਨੀਤੀਆਂ ਨੂੰ ਘਰ ਘਰ ਪਹੁੰਚਾਉਣ ਦੀ ਬੇਨਤੀ ਕੀਤੀ। ਪੰਜਾਬ ਦੇ ਲੋਕਾਂ ਨਾਲ ਲਗਾਤਾਰ ਹੋ ਰਹੀਆਂ ਬੇਇਨਸਾਫ਼ੀਆਂ ਅਤੇ ਵੱਧ ਰਹੀ ਮਹਿੰਗਾਈ ਤੋਂ ਤੰਗ ਆ ਲੋਕ ਆਮ ਆਦਮੀ ਪਾਰਟੀ ਵਿਚ ਆਪਣਾ ਭਵਿੱਖ ਦੇਖ ਰਹੇ ਹਨ ਅਤੇ 2022 ਦੀਆਂ ਚੋਣਾਂ ਵਿਚ ਪਾਰਟੀ ਦੇ ਮੋਢੇ ਨਾਲ ਮੋਢਾ ਜੋੜ ਪਾਰਟੀ ਦੀ ਜਿੱਤ ਨੂੰ ਯਕੀਨੀ ਬਣਾਉਣ ਲਈ ਤੱਤਪਰ ਹਨ।ਸ਼ਾਮਲ ਹੋਏ ਪਰਿਵਾਰਾਂ ਚ ਗੁਰਚੰਦ ਸਿੰਘ ਆੜਤੀ, ਗੁਰਮੀਤ ਸਿੰਘ ਫੌਜੀ, ਦਿਲਬਾਗ ਸਿੰਘ, ਜਸਬੀਰ ਸਿੰਘ, ਕੁਲਦੀਪ ਸਿੰਘ, ਰਮਨਜੀਤ ਸਿੰਘ, ਜਤਿੰਦਰ ਸਿੰਘ, ਬਲਵਿੰਦਰ ਸਿੰਘ, ਕੁਲਵਿੰਦਰ ਸਿੰਘ, ਅਮਰਜੀਤ ਸਿੰਘ, ਸਤਨਾਮ ਸਿੰਘ, ਗੁਰਪਾਲ ਸਿੰਘ, ਸੰਤੋਖ ਸਿੰਘ, ਹਰਭਜਨ ਸਿੰਘ, ਗੁਰਸਾਹਿਬ ਸਿੰਘ, ਗੁਰਸਿਮਰਨ ਸਿੰਘ, ਹਰਪ੍ਰੀਤ ਸਿੰਘ, ਗੁਰਜੰਟ ਸਿੰਘ, ਦਿਲਪ੍ਰੀਤ ਸਿੰਘ, ਜਸਬੀਰ ਸਿੰਘ ਜੱਜ, ਸਿਕੰਦਰ ਸਿੰਘ, ਗੁਰਜੰਟ ਸਿੰਘ ਅਤੇ ਅਮਰਿਤਪਾਲ ਸਿੰਘ ਆਦਿ ਪਰਿਵਾਰ ਸ਼ਾਮਲ ਹੋਏ।ਪਰਿਵਾਰ ਦਾ ਸਵਾਗਤ ਕਰਦਿਆਂ ਭੁੱਲਰ ਨੇ ਦੱਸਿਆ ਕਿ ਕਿਹਾ ਕਿ ਪਾਰਟੀ ਦਾ ਹਰ ਦਿਨ ਵਧਦਾ ਰੁਝਾਨ ਆਉਂਦੀਆਂ ਵਿਧਾਨ ਸਭਾ ਚੋਣਾਂ ਵਿੱਚ ਪਾਰਟੀ ਦੀ ਹੋਣ ਵਾਲੀ ਵੱਡੀ ਜਿੱਤ ਦੀ ਗਵਾਹੀ ਭਰਦਾ ਹੈ।ਪੂਰੇ ਸੂਬੇ ਦੇ ਲੋਕ ਰਵਾਇਤੀ ਪਾਰਟੀਆਂ ਦੀ ਲੋਕ ਮਾਰੂ ਨੀਤੀਆਂ ਤੋਂ ਤੰਗ ਹਨ ਅਤੇ ਇਸ ਵਾਰ ਅਸਲ ਰੂਪ ਵਿਚ ਕੰਮ ਕਰਨ ਵਾਲੀ ਆਮ ਆਦਮੀ ਪਾਰਟੀ ਦੀ ਸਰਕਾਰ ਚਾਹੁੰਦੇ ਹਨ। ਭੁੱਲਰ ਨੇ ਦੱਸਿਆ ਕਿ ਕਿ ਰਵਾਇਤੀ ਪਾਰਟੀਆਂ ਵੱਲੋਂ ਅਜਾਦੀ ਤੋਂ ਬਾਅਦ ਝੂਠੇ ਵਾਅਦੇ ਕਰਕੇ ਝੂਠ ਦੀ ਰਾਜਨੀਤੀ ਕਰਕੇ ਵੋਟਾਂ ਬਟੋਰੀਆਂ ਲੋਕਾਂ ਤੇ ਰੱਜ ਕੇ ਸਿਆਸਤ ਕੀਤੀ ਭਰਾ ਨੂੰ ਭਰਾ ਨਾਲ ਲੜਾਇਆ ਭਰਾ ਜੰਗ ਜਾਰੀ ਰੱਖਦਿਆਂ ਪਾੜੋ ਤੇ ਰਾਜ ਕਰੋ ਦੀ ਨੀਤੀ ਤਹਿਤ ਰਾਜ ਕੀਤਾ। ਮੌਕੇ ਕੌਂਸਲਰ ਕੁਲਵੰਤ ਸਿੰਘ ਕਲਸੀ ਪੱਟੀ, ਕੌਂਸਲਰ ਹੀਰਾ ਸਿੰਘ ਭੁੱਲਰ, ਹਰਜੋਤ ਕੌਰ ਉੱਪਲ, ਗੁਰਪ੍ਰੀਤ ਭੁੱਲਰ, ਗੁਰਪਰਿੰਦਰ ਉੱਪਲ, ਕਰਮਬੀਰ ਪੱਟੀ, ਭੋਲਾ ਜੋਤੀ ਸਾਹ, ਗੋਰਾ ਜੋਤੀ ਸਾਂਹ, ਤੀਰਥ ਪੱਟੀ, ਕੁਲਦੀਪ ਸਿੰਘ ਦਦੇਹਰ ਸਾਹਿਬ, ਲਾਲੀ ਵਿਰਕ ਨਿਸਾਨ ਸਿੰਘ ਬਿਲਿਆਂਵਾਲਾ ਪੱਟੀ, ਸੋਸਲ ਮੀਡੀਆ ਜਲ੍ਹਿਾ ਕੋਡੀਨੇਟਰ ਜਗਜੀਤ ਸਿੰਘ ਸੁਹਾਵਾ ਅਤੇ ਐਕਸ ਵਿੰਗ ਜਿਲ੍ਹਾ ਵਾਈਸ ਪ੍ਰਧਾਨ ਦਿਲਬਾਗ ਸਿੰਘ ਰੱਤਾ ਗੁੱਦਾ ਹਾਜ਼ਰ ਸਨ।

## ਪਤਨੀ ਨੂੰ ਖੁਦਕੁਸ਼ੀ ਲਈ ਮਜਬੂਰ ਕਰਨ ਵਾਲੇ ਪਤੀ ਖਿਲਾਫ ਮਾਮਲਾ ਦਰਜ

**ਜੀਰਕਪੁਰ/ਅਵਤਾਰ ਸਿੰਘ**

ਬਲਟਾਣਾ ਪਿੰਡ ਦੀ ਵਸਨੀਕ ਇੱਕ ਔਰਤ ਵਲੋਂ ਅਪਣੇ ਪਤੀ ਦੀ ਕੁੱਟਮਾਰ ਤੋਂ ਤੰਗ ਆ ਕੇ ਗਲ ਫਾਹਾ ਲੈ ਕੇ ਖ਼ੁਦਕੁਸ਼ੀ ਕਰ ਲਈ। ਪੁਲਿਸ ਨੇ ਮ੍ਰਿਤਕਾ ਦੇ ਭਰਾ ਦੀ ਸ਼ਿਕਾਇਤ 'ਤੇ ਉਸਦੇ ਪਤੀ ਖ਼ਿਲਾਫ਼ ਖੁਦਕੁਸ਼ੀ ਲਈ ਮਜਬੂਰ ਕਰਨ ਦੇ ਦੋਸ਼ਾਂ ਹੇਠ ਮਾਮਲਾ ਦਰਜ ਕਰ ਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਪੁਲਿਸ ਨੂੰ ਦਿੱਤੀ ਸ਼ਿਕਾਇਤ ਵਿਚ ਅਨਿਲ ਕੁਮਾਰ ਪੁੱਤਰ ਫਾਗੂ ਰਾਮ ਵਾਸੀ ਮਕਾਨ ਨੰਬਰ 444 ਸੈਕਟਰ 20 ਪੰਚਕੂਲਾ ਨੇ ਦੱਸਿਆ ਕਿ ਉਸ ਦੀ ਭੈਣ ਸੁਮਨ ਜਿਸ ਦੀ ਉਮਰ ਕਰੀਬ 19 ਸਾਲ ਸੀ ਜਿਸ ਦਾ ਕੁਝ ਸਾਲ ਪਹਿਲਾ ਅਰਜੁਨ ਪੁੱਤਰ ਸ਼ਿਆਮ ਰੰਗ ਵਾਸੀ ਮਕਾਨ ਨੰਬਰ 128 ਪਿੰਡ ਬਲਟਾਣਾ ਨਾਲ ਵਿਆਹ ਹੋਇਆ ਸੀ। ਜੋ ਵਿਆਹ ਦੇ ਕੁਝ ਸਮੇਂ ਬਾਅਦ ਹੀ ਉਸਦੀ ਭੈਣ ਸੁਮਨ ਨੂੰ ਤੰਗ ਪ੍ਰਧਾਨ ਕਰਨ ਲੱਗ ਪਿਆ ਸੀ ਤੇ ਉਸ ਦੀ ਕੁੱਟਮਾਰ ਵੀ ਕਰਦਾ ਸੀ। ਬੀਤੀ 8 ਅਗਸਤ ਨੂੰ ਉਕਤ ਦੋਸ਼ੀ ਨੇ ਬਿਨ ਾ ਕਿਸੇ ਗੱਲ ਤੋਂ ਉਸਦੀ ਭੈਣ ਨਾਲ ਲੜਾਈ ਝਗੜ ਾ ਕੀਤਾ। ਜਿਸ ਤੇ ਉਸਦੀ ਭੈਣ ਨੇ ਆਪਣੇ ਘਰ 'ਚ ਚੁੰਨੀ ਨਾਲ ਫਾਹਾ ਲੈ ਕੇ ਖ਼ੁਦਕੁਸ਼ੀ ਕਰ ਲਈ। ਉਸਨੇ ਦੋਸ਼ ਲਗਾਇਆ ਕਿ ਉਸਦੀ ਭੈਣ ਨੇ ਉਕਤ ਦੋਸ਼ੀ ਤੋ ਤੰਗ ਪ੍ਰੇਸ਼ਾਨ ਹੋ ਕੇ ਖੁਦਕੁਸ਼ੀ ਕੀਤੀ ਹੈ। ਮਾਮਲੇ ਦੇ ਪੜਤਾਲੀਆ ਅਫਸਰ ਏਐਸਆਈ ਨਾਥੀ ਰਾਮ ਨੇ ਦੱਸਿਆ ਕਿ ਅਨਿਲ ਕੁਮਾਰ ਦੀ ਸ਼ਿਕਾਇਤ 'ਤੇ ਮੁਲਜ਼ਮ ਅਰਜੁਨ ਖ਼ਿਲਾਫ਼ ਕੇਸ ਦਰਜ ਕੀਤਾ ਗਿਆ ਹੈ। ਉਸ ਨੂੰ ਜਲਦੀ ਹੀ ਕਾਬੂ ਕਰ ਲਿਆ ਜਾਵੇਗਾ।

## ਪੁਲਿਸ ਕਮਿਸ਼ਨਰ ਵੱਲੋਂ ਸ਼ਹਿਰ ਦਾ ਦੌਰਾ, ਅਧਿਕਾਰੀਆਂ ਨੂੰ ਸੁਰੱਖਿਆ ਪ੍ਰਬੰਧ ਪੁਖਤਾ ਕਰਨ ਦੇ ਦਿੱਤੇ ਨਿਰਦੇਸ਼



**ਜਲੰਧਰ/ਰਾਕੇਸ਼ ਵਰਮਾ**

ਸ਼ਹਿਰ ਵਿੱਚ ਸੁਰੱਖਿਆ ਪੁਖਤਾ ਪ੍ਰਬੰਧਾਂ ਨੂੰ ਯਕੀਨੀ ਬਣਾਉਣ ਅਤੇ ਫੀਲਡ ਅਧਿਕਾਰੀਆਂ ਨੂੰ ਉਤਸ਼ਾਹਿਤ ਕਰਨ ਦੇ ਮੰਤਵ ਨਾਲ ਪੁਲਿਸ ਕਮਿਸ਼ਨਰ ਗੁਰਪ੍ਰੀਤ ਸਿੰਘ ਭੁੱਲਰ ਵੱਲੋਂ ਮੰਗਲਵਾਰ ਸ਼ਾਮ ਨੂੰ ਸ਼ਹਿਰ ਦਾ ਦੌਰਾ ਕੀਤਾ ਗਿਆ, ਜਿਥੇ ਉਨ੍ਹਾਂ ਚੈਕ ਪੁਆਇੰਟਾਂ 'ਤੇ ਸ਼ੱਕੀ ਵਿਅਕਤੀਆਂ ਅਤੇ ਗਤੀਵਿਧੀਆਂ ਦੀ ਜਾਂਚ ਕਿਵੇਂ ਕੀਤੀ ਜਾਵੇ, ਸਬੰਧੀ ਅਧਿਕਾਰੀਆਂ ਨੂੰ ਵਿਅਕਤੀਗਤ ਤੌਰ 'ਤੇ ਜਾਣਕਾਰੀ ਦਿੱਤੀ। ਪੁਲਿਸ ਕਮਿਸ਼ਨਰ, ਜਿਨ੍ਹਾਂ ਨਾਲ ਡਿਪਟੀ ਕਮਿਸ਼ਨਰ ਪੁਲਿਸ ਗੁਰਮੀਤ ਸਿੰਘ ਵੀ ਮੌਜੂਦ ਸਨ, ਨੇ ਦੁਆਬਾ ਚੌਕ, ਸੋਡਲ ਚੌਕ, ਵਰਕਸਾਪ ਚੌਕ, ਬਸਤੀ ਬਾਵਾ ਖੇਲ ਅਤੇ ਹੋਰ ਪ੍ਰਮੁੱਖ ਥਾਵਾਂ ਦਾ ਦੌਰਾ ਕੀਤਾ ਅਤੇ ਇਨ੍ਹਾਂ ਥਾਵਾਂ 'ਤੇ ਤਾਇਨਾਤ ਪੁਲਿਸ ਕਰਮਚਾਰੀਆਂ ਨਾਲ ਗੱਲਬਾਤ ਕੀਤੀ। ਸ਼੍ਰੀ ਭੁੱਲਰ ਨੇ ਅਧਿਕਾਰੀਆਂ ਨੂੰ ਚੌਕਸ ਰਹਿਣ ਲਈ ਕਿਹਾ ਤਾਂ ਜੋ ਜੇਕਰ ਕੋਈ ਵੀ ਸੱਕੀ ਹੋਵੇ ਤਾਂ ਉਨ੍ਹਾਂ ਦੀ ਨਜ਼ਰ ਤੋਂ ਬਚ ਨਾ ਸਕੇ ।ਉਨ੍ਹਾਂ ਸਹਿਰ ਵਿੱਚੋਂ ਲੰਘਣ ਵਾਲੇ ਅੰਤਰਰਾਜੀ ਵਾਹਨਾਂ ਦੀ ਵਿਸੇਸ ਤੌਰ 'ਤੇ ਚੈਕਿੰਗ ਕਰਨ 'ਤੇ ਜੋਰ ਦਿੱਤਾ। ਪੁਲਿਸ ਕਮਿਸ਼ਨਰ ਨੇ ਕਿਸੇ ਵੀ ਕੀਮਤ 'ਤੇ ਕਾਨੂੰਨ ਵਿਵਸਥਾ ਦੀ ਸਥਿਤੀ ਨੂੰ ਕਾਇਮ ਰੱਖਣ ਤੋਂ ਇਲਾਵਾ ਆਜ਼ਾਦੀ ਦਿਹਾੜੇ ਦੇ ਸਮਾਗਮਾਂ ਦੌਰਾਨ ਪੁਖਤਾ ਸੁਰੱਖਿਆ ਪ੍ਰਬੰਧਾਂ ਨੂੰ ਯਕੀਨੀ ਬਣਾਉਣ ਲਈ ਆਪਣੀ ਵਚਨਬੱਧਤਾ ਨੂੰ ਦੁਹਰਾਇਆ।

■ ਸ਼ੱਕੀ ਵਿਅਕਤੀਆਂ ਅਤੇ ਗਤੀਵਿਧੀਆਂ ਦੀ ਸਕਰੀਨਿੰਗ ਸਬੰਧੀ ਵਿਅਕਤੀਗਤ ਤੌਰ 'ਤੇ ਦਿੱਤੀ ਜਾਣਕਾਰੀ

## ਔਲਖ ਦੀ ਅਗਵਾਈ 'ਚ ਸੈਂਕੜੇ ਪਰਿਵਾਰ ਆਮ ਆਦਮੀ ਪਾਰਟੀ 'ਚ ਸਾਮਲ

**ਤਰਨਤਾਰਨ/ਦਿਲਬਾਗ ਸਿੰਘ ਜੌਹਲ**



ਪਿੰਡ ਚੁਤਾਲਾ ਵਿਖੇ ਸ੍ਰ ਗੁਰਮੇਜ ਸਿੰਘ ਠੇਕੇਦਾਰ ਜੀ ਦੇ ਗ੍ਰਹਿ ਅਹਿਮ ਮੀਟਿੰਗ ਕੀਤੀ ਤੇ ਹਲਕਾ ਖਡੂਰ ਸਾਹਿਬ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਸ੍ਰ ਗੁਰਸੇਵਕ ਸਿੰਘ ਔਲਖ ਦੇ ਨਾਲ ਚੱਲਣ ਦਾ ਪ੍ਰਣ ਲਿਆ ਅਤੇ ਆਮ ਆਦਮੀ ਪਾਰਟੀ ਦੀ ਸਰਕਾਰ ਬਣਾਉਣ ਵਿੱਚ ਜੰਗ ਤੇਜ ਕੀਤੀ ਗਈ ਜਿਸ ਵਿੱਚ ਵਿਸੇਸ ਤੌਰ ਤੇ ਇਲਕੇ ਦੇ ਮੋਹਤਬਾਰ ਨੇ ਗੁਰਸੇਵਕ ਸਿੰਘ ਔਲਖ ਦੇ ਨਾਲ ਵਿਚਾਰ ਵਿਟਾਂਡਰਾ ਕੀਤਾ ਤੇ ਕਿਹਾ ਕਿ ਮੌਜੂਦਾ ਕਾਗਰਸੀ ਰਮਨਜੀਤ ਸਿੰਘ ਸਿੱਕੀ ਨੇ ਲੋਕਾ ਦੇ ਨਾਲ ਵਿਸਵਾਸਘਾਤ ਕੀਤਾ ਹੈ ਉਸ ਦਾ ਬਦਲਾ ਆਮ ਆਦਮੀ ਪਾਰਟੀ ਨੂੰ ਜਿੱਤਾਂ ਕੇ ਲਿਆ ਜਾਵੇਗਾ ਅਤੇ ਬਾਹਰਲੇ ਹਲਕਾ ਦੇ ਉਮੀਦਵਾਰ ਦਾ ਸਾਥ ਨਹੀ ਦੇਵਾਂਗੇ ਅਤੇ ਔਲਖ ਨੇ ਪਿੰਡ ਪਿੰਡ ਜਾ ਕੇ 300 ਯੂਨਿਟ ਬਿਜਲੀ ਫ੍ਰੀ ਹਰ ਮਹੀਨੇ ਦੇਣ ਦੀ ਕੇਜਰੀਵਾਲ ਸਾਹਿਬ ਦੀ ਗਾਰੰਟੀ ਘਰ ਘਰ ਜਾ ਕੇ ਲੋਕ ਨੂੰ ਜਾਗਰੂਪ ਕੀਤਾ ਜਾ ਰਿਹਾ ਹੈ ਇਸ ਮੌਕੇ ਗੁਰਮੇਜ ਸਿੰਘ ਠੇਕੇਦਾਰ, ਨਰਿੰਦਰ ਸਿੰਘ ਨੰਬਰਦਾਰ, ਸੁਰਜੀਤ ਸਿੰਘ ਮਾਸਟਰ, ਕਸ਼ਮੀਰ ਸਿੰਘ ਫੌਜੀ, ਬਲਵਿੰਦਰ ਸਿੰਘ ਠੇਕੇਦਾਰ ਗੁਰਵਿੰਦਰ ਸਿੰਘ ਆਦਿ ਮੌਜੂਦ ਸਨ।





# ਤ੍ਰਿਸ਼ਲਾ ਸਿਟੀ ਵਿੱਚ ਹਰਿਆਲੀ ਤੀਜ ਦਾ ਤਿਉਹਾਰ ਮਨਾਇਆ

**ਜੀਰਕਪੁਰ/ਰਵੀ ਜੀਰਕਪੁਰ**

ਸਥਾਨਕ ਪਟਿਆਲਾ ਰੋਡ ਤੇ ਸਥਿਤ ਤ੍ਰਿਸ਼ਲਾ ਸਿਟੀ ਵਿੱਚ ਅੱਜ ਸੁਸਾਇਟੀ ਦੇ ਦੇ ਮੈਨੇਜਿੰਗ ਡਾਇਰੈਕਟਰ ਹਰੀਸ਼ ਗੁਪਤਾ ਦੀ ਅਗਵਾਈ ਵਿੱਚ ਹਰਿਆਲੀ ਤੀਜ ਦਾ ਤਿਉਹਾਰ ਧੂਮਧਾਮ ਨਾਲ ਮਨਾਇਆ ਗਿਆ। ਇਸ ਪ੍ਰੋਗਰਾਮ ਵਿਚ ਔਰਤਾਂ ਅਤੇ ਬੱਚਿਆਂ ਨੇ ਬਹੁਤ ਹੀ ਉਤਸ਼ਾਹ ਨਾਲ ਭਾਗ ਲਿਆ। ਇਸ ਮੌਕੇ ਬੱਚਿਆਂ ਨੇ ਗੀਤ ਅਤੇ ਕਵਿਤਾਵਾਂ ਸੁਣਾਈਆਂ। ਮਨਾਏ ਗਏ ਤਿਉਹਾਰ ਸਬੰਧੀ ਜਾਣਕਾਰੀ ਦਿੰਦੇ ਹੋਏ ਤ੍ਰਿਸ਼ਲਾ ਸਿਟੀ ਦੇ ਮੈਨੇਜਿੰਗ ਡਾਇਰੈਕਟਰ ਹਰੀਸ਼ ਗੁਪਤਾ ਨੇ ਦੱਸਿਆ ਕਿ ਉਨ ਾਂ ਦੀ ਆਪਸੀ ਭਾਈਚਾਰਕ ਸਾਂਝ ਅਤੇ ਏਕੇ ਦੀ ਭਾਵਨਾ ਵਿੱਚ ਡੂੰਘੀ ਆਸਥਾ ਹੈ ਤੇ ਤ੍ਰਿਸ਼ਲਾ ਸਿਟੀ ਸੁਸਾਇਟੀ ਵਿੱਚ ਰਹਿਣ ਵਾਲੇ ਹਰ ਇੱਕ ਬਾਸ਼ਿੰਦੇ ਨੂੰ ਉਹ ਆਪਣੇ ਪਰਿਵਾਰ ਦਾ ਹੀ ਮੈਂਬਰ ਸਮਝਦੇ ਹਨ। ਉਨ ਾਂ ਕਿਹਾ ਕਿ ਭਾਰਤ ਦੇ ਤਿਉਹਾਰ ਸਾਨੂੰ ਆਪਸੀ ਭਾਈਚਾਰਕ ਸਾਂਝ ਦਾ ਸੁਨੇਹਾ ਦਿੰਦੇ ਹਨ ਜਿਸ ਦੇ ਤਹਿਤ ਉਨ ਾਂ ਵਲੋਂ ਤ੍ਰਿਸ਼ਲਾ ਸਿਟੀ ਸੁਸਾਇਟੀ ਵਿੱਚ ਹਰਿਆਲੀ ਤੀਜ ਦੇ ਮੌਕੇ ਤੇ ਔਰਤਾਂ ਲਈ ਇੱਕ ਰੈਂਪ ਵਾਕ ਦਾ ਆਯੋਜਨ ਕੀਤਾ ਗਿਆ ਸੀ ਜਿਸ ਵਿੱਚ ਮਿਸ ਇੰਡੀਆ ਰਹੀ ਚੁੱਕੀ ਹਸਲੀਨ ਕੌਰ ਦੀ ਮਾਤਾਜੀ ਇਕਵਿੰਦਰ ਸਿੰਘ ਅਤੇ ਪ੍ਰਿਅੰਕਾ ਚੱਢਾ ਮਿਸਿਜ਼ ਹਿਮਾਚਲ ਬਤੌਰ ਜੱਜ ਮੌਜੂਦ ਸਨ। ਇਸ ਮੌਕੇ ਮਮਤਾ ਸੂਦ ਨੂੰ ਤ੍ਰਿਸ਼ਲਾ ਕਵੀਨ 2021 ਦੇ ਖ਼ਿਤਾਬ ਨਾਲ ਨਿਵਾਜਿਆ ਗਿਆ ਜਦਕੀ ਗੀਤਾ ਪਹਿਲੀ ਰਨਰਅਪ ਅਤੇ ਯਾਸ਼ੂ ਸ਼ਰਮਾ ਦੂਜੀ ਰਨਰਅਪ ਰਹੀ। ਉਨ ਾਂ ਦੱਸਿਆ ਕਿ ਪ੍ਰੋਗਰਾਮ ਦਾ ਆਗਾਜ਼ ਪਰਮਾਤਮਾ ਨੂੰ ਯਾਦ ਕਰਦਿਆ ਸ਼ਮਾ ਰੌਸ਼ਨ ਕਰਕੇ ਕੀਤਾ ਗਿਆ। ਜਿਕਰਯੋਗ ਹੈ ਕਿ ਤਿਰਸ਼ਲਾ ਸਿਟੀ ਸੁਸਾਇਟੀ ਖੇਤਰ ਦੀਆ ਸੁਸਾਇਟੀਆ ਲਈ ਮਾਡਲ ਸੁਸਾਇਟੀ ਹੈ ਜਿੱਥੇ ਹਰ ਤਿਉਹਾਰ ਬਹੁਤ ਹੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਜਾਦਾ ਹੈ।

# ਕਦੇ ਕਦੇ ਮੈਂ ਸੋਚਦੀ ਹਾਂ, ਕੀ ਦੁਨੀਆਂ ਸਾਡੀ ਚਿੜੀਆਂ ਦੀ...?

ਕਿਉਂ ਟਿੱਚਰ ਕਰਦੀ ਜਰਦੀ ਨਾ, ਖੁਸੀ ਸਾਡੇ ਮੱਥੇ ਖਿੜੀਆਂ ਦੀ ਦੀ...?
ਰੱਬ ਦੀ ਜੀਅ ਹਾਂ ਥੋਡੇ ਵਾਂਗੂੰ, ਥੋਡੇ ਜਿਹੇ ਕਿਉਂ ਹੱਕ ਨਹੀਂ,
ਕਤਰੇ ਗਏ ਨੇ ਖੰਭ ਸਾਡੇ, ਇਸ ਗੱਲ ਦਾ ਭੋਰਾ ਸੱਕ ਨਹੀਂ...
ਜੇਹੀ ਰੰਗ ਵਿਚ ਰੰਗੀ ਦੁਨੀਆਂ, ਮੈਂ ਭਾਲ ਥੱਕੀਂ ਨਾ ਰੰਗ ਮਿਲੇ..
ਢਲ ਗਈ ਮੈਂ ਥੋਡੇ ਰੰਗ ਵਿਚ, ਮੈਨੂੰ ਨਾਗ ਗੀਤਾਂ ਦੇ ਡੰਗ ਮਿਲੇ...
ਕਿਤੇ ਸਹਿਮੀ ਬੈਠੀ ਸੋਚੇ ਕੋਈ, ਕਿਉਂ ਰੀਝਾਂ ਦੇ ਰੰਗ ਰੰਗੀ ਨਹੀਂ..
ਜੇ ਥੋਡੇ ਸਾਂਚੇ ਢਲਣਾ ਸੀ, ਤਾਂ ਭਰੂਣ ਹੱਤਿਆਂ ਕਿਉਂ ਚੰਗੀ ਨਹੀਂ...?
ਓਹ ਧੀਆਂ ਧੀਆਂ ਨਹੀਂ ਹੁੰਦੀਆਂ, ਰੋਲਣ ਪੱਗ ਨੂੰ ਆਪੇ ਜੋ...
ਓਹ ਮਾਪੇ ਵੀ ਮਾਪੇ ਨਹੀਂ ਹੁੰਦੇ ,ਜਜਬਾਤ ਨਾ ਸਮਝਣ ਮਾਪੇ ਜੋ...
ਓਹ ਪੁੱਤ ਵੀ ਪੁੱਤ ਨਹੀ ਹੋ ਸਕਦੇ, ਜੋ ਮਾਂ ਭੈਣ ਦੀ ਗਾਲ ਕੱਢਣ,
ਬਣ ਕਰੋੜਪਤੀ ਕਿਰਤੀ ਪਿਓ ਭੁੱਲਿਆ, ਕਰ ਕੇ ਘਰੋਂ ਜੋ ਬੇਹਾਲ ਕੱਢਣ...
ਸੁੱਖਾਂ ਨਾਲ ਮੰਗੇ ਪੁੱਤ ਮਾਂ ਨੇ, ਢਲਦੀ ਉਮਰੇ ਬੇਗਾਨੇ ਹੋਣ ਜਦੋਂ,
ਮਾਂ ਨੇ ਤਾਂ ਪਾਗਲ ਹੋਣਾ ਈ ਆ, ਵਿਹੜੇ ਕੰਧਾਂ ਖੜ੍ਹੀਆਂ ਹੋਣ ਜਦੋਂ..
ਪੁੱਤ ਹੀ ਮਿੱਠੜੇ ਮੇਵੇ ਨੇ, ਤੇ ਪੁੱਤ ਹੀ ਬੇਗਾਨੇ ਹੁੰਦੇ ਨੇ,
ਧੀਆਂ ਲਈ ਮੱਥੇ ਵੱਟ ਹੁੰਦੇ, ਧੀਆਂ ਲੇਈ ਤਾਹਨੇ ਹੁੰਦੇ ਨੇ..
ਪੈਰੀਂ ਪਾਓ ਜੁੱਤੀ ਚਾਹੇ ਲੱਖਾਂ ਦੀ, ਤੁਰਨਾ ਤਾਂ ਪਰ ਜਮੀਨ ਤੇ ਆ,
ਕਫਨ ਖੱਦਰ ਤੋਂ ਵੱਧ ਔਕਾਤ ਨਹੀਂ, ਅੱਖ ਹਰਦਮ ਚਾਹੇ ਪਸਮੀਨ ਤੇ ਆ...
ਝੱਸੋ ਉੱਜੜੇ ਬੋਦੇ ਤੇਲ ਤੁਸੀ, ਕੀਤੇ ਖੁਦ ਨੂੰ ਹੀ ਨਾ ਉਜਾੜ ਦੇਵੇ,
ਖਾਬਾਂ ਵਾਲੀ ਕਿਤਾਬ ਦਾ ਪੰਨਾ ਪੰਨਾ, ਕੀਤੇ ਜਿਲਦਾ ਸੰਗ ਨਾ ਪਾੜ ਦੇਵੇ,
ਬੁਝਾਵੋ ਤੀਲ ਬਲਦੀ ਹੱਥ ਉਸਦੇ, ਕੀਤੇ ਬਾਗ ਹੀ ਉਜਾੜ ਦੇਵੇ,
ਸਾੜ ਕੇ ਰੀਝ ਭੱਠੀ ਓਹ ਦੁਨੀਆਂ ਦੀ, ਕਿਤੇ ਖੁਦ ਨੂੰ ਹੀ ਨਾ ਸਾੜ ਦੇਵੇ...



ਲੇਖਕ
**ਹਰਜੋਤ ਸਾਇਰਾ ਬੀਨੇਵਾਲ**

# ਚੰਡੀਗੜ੍ਹ ਦੇ ਮੇਅਰ ਨੇ ਕਵਿਤਾ ਸੰਗ੍ਰਹਿ 'ਬਦਤੇ ਕਦਮ' ਦੀ ਸਲਾਘਾ ਕੀਤੀ

**ਚੰਡੀਗੜ੍ਹ/ਵਿਨੋਦ ਕੁਮਾਰ**

ਸਾਹਿਤਕਾਰ ਡਾ ਵਿਨੋਦ ਸਰਮਾ ਨੇ ਆਪਣਾ ਕਾਵਿ ਸੰਗ੍ਰਹਿ "ਬਦਤੇ ਕਦਮ" ਚੰਡੀਗੜ੍ਹ ਨਗਰ ਨਿਗਮ ਦੇ ਮੇਅਰ ਰਵੀਕਾਂਤ ਸਰਮਾ ਨੂੰ ਭੇਟ ਕੀਤਾ। ਡਾ ਵਿਨੋਦ ਸਰਮਾ ਦੇ ਕਵਿਤਾ ਸੰਗ੍ਰਹਿ ਤੇ ਖੁਸੀ ਪ੍ਰਗਟ ਕਰਦਿਆਂ ਉਨ੍ਹਾਂ ਨੂੰ ਵਧਾਈ ਦਿੱਤੀ। ਉਨ੍ਹਾਂ ਕਿਹਾ ਕਿ ਇਹ ਕਵਿਤਾ ਸੰਗ੍ਰਹਿ ਸਾਰੇ ਵਰਗਾਂ ਦੇ ਪਾਠਕਾਂ ਨੂੰ ਉਪਯੋਗੀ ਸਿੱਖਿਆ ਅਤੇ ਪ੍ਰੇਰਣਾ ਦੇਵੇਗਾ। ਮੇਅਰ ਨੇ ਕਿਹਾ ਕਿ ਸਾਰੀਆਂ ਰਚਨਾਵਾਂ ਸਕਾਰਾਤਮਕ ਸੋਚ ਵਾਲੀਆਂ ਹਨ। ਅਜਿਹੇ ਕਾਵਿ ਸੰਗ੍ਰਹਿ ਪੜ੍ਹ ਕੇ ਯਕੀਨਨ ਹਰ ਵਿਅਕਤੀ ਨੂੰ ਨਵੀਂ ਦਿਸਾ ਮਿਲੇਗੀ।



# ਜੁਆਇੰਟ ਫੋਰਮ ਪੰਜਾਬ ਦੇ ਮੁਲਾਜਮਾਂ ਅਤੇ ਪੈਨਸ਼ਨਰਾਂ ਵੱਲੋਂ ਕੇਂਦਰ ਸਰਕਾਰ ਵੱਲੋਂ ਪੇਸ਼ ਕੀਤੇ ਗਏ ਬਿਜਲੀ ਬਿਲ ਸੋਧ 2020 ਦੀ ਜੋਰਦਾਰ ਨਿਖੇਧੀ ਕੀਤੀ

**ਪਟਿਆਲਾ/ਜਗਦੀਸ ਰਾਈਕਾ**

ਜੁਆਇੰਟ ਫੋਰਮ ਪੰਜਾਬ ਦੇ ਸੱਦੇ ਤੇ ਅੱਜ ਮਿਤੀ 10.08.2021 ਨੂੰ ਸਬ ਅਰਬਨ ਡਵੀਜਨ ਪਟਿਆਲਾ ਵਿਖੇ ਮੁਲਾਜਮਾਂ ਅਤੇ ਪੈਨਸ਼ਨਰਾਂ ਵੱਲੋਂ ਰੋਸ ਰੈਲੀ ਕੀਤੀ ਗਈ ਜਿਸ ਦੀ ਪ੍ਰਧਾਨਗੀ ਸਾਥੀ ਰਾਮ ਚੰਦ ਸਰਕਲ ਪ੍ਰਧਾਨ ਪੈਨਸ਼ਨਰ ਐਸੋਸੀਏਸ਼ਨ ਨੇ ਕੀਤੀ। ਰੈਲੀ ਨੂੰ ਸੰਬੋਧਨ ਕਰਦਿਆਂ ਸਾਥੀ ਰਾਮ ਚੰਦ ਨੇ ਕੇਂਦਰ ਸਰਕਾਰ ਵੱਲੋਂ ਪੇਸ਼ ਕੀਤੇ ਗਏ ਬਿਜਲੀ ਬਿਲ ਸੋਧ 2020 ਦੀ ਜੋਰਦਾਰ ਨਿਖੇਧੀ ਕੀਤੀ। ਇਸਦੇ ਨਾਲ ਹੀ ਉਨ੍ਹਾਂ ਨੇ ਪੰਜਾਬ ਸਰਕਾਰ ਅਤੇ ਪਾਵਰਕਾਮ ਦੀ ਮੈਨੇਜਮੈਂਟ ਨੂੰ ਚੇਤਾਵਨੀ ਵੀ ਦਿੱਤੀ ਕਿ ਜੇਕਰ ਮੁਲਾਜਮਾਂ ਦੇ ਭੱਖਦੇ ਮਸਲੇ ਜਿਵੇਂ ਕਿ ਪੇਅ ਬੈਂਡ ਵਿੱਚ ਵਾਧਾ, ਡੀ.ਏ. ਦੀਆਂ ਕਿਸਤਾਂ ਜਾਰੀ ਕਰਨੀਆਂ ਅਤੇ ਕੱਚੇ ਕਰਮਚਾਰੀ ਪੱਕੇ ਕਰਨਾ ਆਦਿ ਜਲਦੀ ਹੱਲ ਨਾ ਕੀਤੇ ਗਏ ਤਾਂ ਪੰਜਾਬ ਦਾ ਸਮੁੱਚਾ ਮੁਲਾਜਮ ਅਤੇ ਪੈਨਸ਼ਨਰ ਜੱਥੇਬੰਦੀ ਵੱਲੋਂ ਦਿੱਤੇ ਪ੍ਰੋਗਰਾਮ ਅਨੁਸਾਰ ਤਿੱਖਾ ਸੰਘਰਸ਼ ਆਰੰਭ ਕਰੇਗਾ। ਰੈਲੀ ਵਿੱਚ ਹੋਰਨਾਂ ਤੋਂ ਇਲਾਵਾ ਸਾਥੀ ਸੁਰਿੰਦਰ ਸਿੰਘ ਖਾਲਸਾ, ਵਿਸ਼ਵਾਨਾਥ, ਅਤਰ ਸਿੰਘ, ਸੁਰਜੀਤ ਪਾਲ ਅਤੇ ਗੁਰਦੀਪ ਸਿੰਘ ਨੇ ਵੀ ਸੰਬੋਧਨ ਕੀਤਾ।





ਮਾਤਾ ਚਿੰਤਪੁਰਨੀ ਜੀ ਦੇ ਮੇਲੇ ਦੇ ਸਬੰਧ ਵਿੱਚ ਸ਼ਿਵ ਮੰਦਰ ਢਿਲਵਾਂ ਵਿੱਚ ਲਗਾਏ ਪੂਰੀਆਂ -ਛੋਲਿਆਂ,ਖੀਰ ਦੇ ਲੰਗਰ ਦਾ ਦ੍ਰਿਸ਼। (ਸੁਖੀਜਾ)

PB 32 LOUNGE AND BAR







M-85569-55644, 7888534947
CHD ROAD, Nawanshahr Mandi,
Nawanshahr - 144514, NEAR SUTLEJ CINEMA

# ਪੰਜਾਬ ਦੇ ਮੁੱਖ ਮੰਤਰੀ ਸਿੱਖ ਚਿਹਰਾ ਹੁੰਦਿਆਂ ਵੀ ਹੁੰਦੀ ਹੈ ਧਰਮ ਦੀ ਬੇਅਦਬੀ : ਐਡਵੋਕੇਟ ਨਮੋਲ

**ਸੁਨਾਮ/ਵਰਮਾ**

ਪੰਜਾਬ ਵਿੱਚ ਮੁੱਖ ਮੰਤਰੀ ਦੇ ਚਿਹਰੇ ਤੇ ਹਮੇਸ਼ਾ ਸਿਆਸਤ ਹੁੰਦੀ ਆਈ ਹੈ। ਸੂਬੇ ਦੀ ਹਰ ਸਿਆਸੀ ਪਾਰਟੀ ਵੱਲੋਂ ਆਪਣੀ ਪਾਰਟੀ ਦੀ ਸਰਕਾਰ ਬਣਾਉਣ ਲਈ ਹਮੇਸ਼ਾ ਚਿਹਰਿਆਂ ਦੀ ਰਾਜਨੀਤੀ ਖੇਡੀ ਜਾਂਦੀ ਹੈ। ਸੱਤਾ ਵਿੱਚ ਆਉਣ ਦੇ ਉਦੇਸ਼ ਨੂੰ ਪੂਰਾ ਕਰਨ ਲਈ ਪੰਜਾਬੀਆਂ ਦੀ ਹਮਦਰਦੀ ਲੈਣ ਦੇ ਮਕਸਦ ਨਾਲ ਹਰ ਸਿਆਸੀ ਪਾਰਟੀ ਇਹ ਡਰਾਮਾ ਕਰਨ ਤੇ ਜੋਰ ਲਗਾਉਂਦੀ ਹੈ ਕਿ ਸਬੰਧਤ ਪਾਰਟੀ ਖੁਦ ਪੰਜਾਬੀਆਂ ਦੀ ਹੈ। ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਸਮਾਜ ਸੇਵੀ ਸੰਸਥਾ ਜਾਗਦਾ ਪੰਜਾਬ ਮਿਸ਼ਨ ਦੇ ਨੌਜਵਾਨ ਆਗੂ ਐਡਵੋਕੇਟ ਮਨਪ੍ਰੀਤ ਸਿੰਘ ਨਮੋਲ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ।



ਐਡਵੋਕੇਟ ਨਮੋਲ ਨੇ ਕਿਹਾ ਕਿ ਸੂਬੇ ਦੀ ਇਹ ਬਦਕਿਸਮਤੀ ਰਹੀ ਹੈ ਕਿ ਪੰਜਾਬ ਵਿੱਚ ਮੁੱਖ ਮੰਤਰੀ ਦਾ ਚਿਹਰਾ ਤਾਂ ਸਿੱਖ ਰੂਪੀ ਮਿਲਦਾ ਹੈ, ਪਰ ਉਸ ਚਿਹਰੇ ਦੇ ਰਾਜ ਵਿੱਚ ਸਿੱਖਾਂ ਦੀਆਂ ਪੱਗਾਂ ਲੱਥਣ ਦੇ ਨਾਲ-ਨਾਲ ਗੁਰੂ ਤੇ ਧਰਮ ਦੇ ਕਕਾਰਾਂ ਦੀ ਬੇਅਦਬੀ ਹੁੰਦੀ ਹੈ। ਚਾਹੇ ਉਹ ਚਿਹਰਾ ਕਿਸੇ ਵੀ ਪਾਰਟੀ ਨਾਲ ਸੰਬੰਧਤ ਕਿਉਂ ਨਾ ਹੋਵੇ। ਐਡਵੋਕੇਟ ਨਮੋਲ ਨੇ ਕਿਹਾ ਕਿ ਪਿਛਲੀ ਅਕਾਲੀ-ਭਾਜਪਾ ਸਰਕਾਰ ਦੇ ਰੂਪ ਵਿੱਚ ਸਿੱਖ ਚਿਹਰੇ ਵਾਲੀ ਸਰਕਾਰ ਦੇ ਰਾਜ ਵਿੱਚ ਹੋਈ ਧੰਨ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਹੋਈ ਸੀ। ਨਾ ਉਸ ਸਰਕਾਰ ਨੇ ਦੋਸ਼ੀਆਂ ਨੂੰ ਬਣਦੀਆਂ ਸਜਾਵਾ ਦਿੱਤੀਆਂ ਅਤੇ ਨਾ ਹੀ ਉਸ ਤੋਂ ਬਾਅਦ ਕਾਂਗਰਸ ਪਾਰਟੀ ਦੇ ਸਿੱਖ ਰੂਪੀ ਚਿਹਰੇ ਦੀ ਸਰਕਾਰ ਨੇ ਬਣਦਾ ਇਨਸਾਫ ਦਿੱਤਾ।

**■ ਮਾਮਲਾ ਪਟਵਾਰੀ ਦੀ ਪ੍ਰੀਖਿਆ ਦੌਰਾਨ ਕਕਾਰਾਂ ਦੀ ਬੇਅਦਬੀ ਦਾ**

ਪਰ ਅਫਸੋਸ ਤਾਂ ਉਦੋਂ ਹੋਇਆ ਜਦੋਂ ਪਿਛਲੇ ਦਿਨੀਂ ਸੂਬੇ ਭਰ ਵਿੱਚ ਹੋਏ ਪਟਵਾਰੀ ਦੀ ਪ੍ਰੀਖਿਆ ਦੌਰਾਨ ਸਿੱਖ ਧਰਮ ਦੇ 5 ਕਕਾਰਾਂ ਵਿੱਚੋਂ ਇੱਕ (ਕੜੇ) ਪ੍ਰੀਖਿਆ ਕੇਂਦਰ ਵਿੱਚ ਤਾਇਨਾਤ ਅਮਲੇ ਵੱਲੋਂ ਉਤਾਰਨ ਲਈ ਕਿਹਾ ਗਿਆ। ਕੁਝ ਵਿਰੋਧ ਹੋਣ ਦੇ ਬਾਵਜੂਦ ਵੀ ਪ੍ਰੀਖਿਆ ਲੈਣ ਵਾਲਾ ਅਮਲਾ ਸਰਕਾਰ ਅਤੇ ਬੋਰਡ ਦੀਆਂ ਹਦਾਇਤਾਂ ਅਧੀਨ ਕੜੇ ਉਤਾਰ ਕੇ ਪ੍ਰੀਖਿਆ ਦੇਣ ਤੇ ਅੜੇ ਰਹੇ। ਐਡਵੋਕੇਟ ਨਮੋਲ ਨੇ ਸਵਾਲ ਚੁੱਕਦਿਆਂ ਕਿਹਾ ਕਿ ਮੁੱਖ ਮੰਤਰੀ ਪੰਜਾਬ ਸਰਕਾਰ ਅਤੇ ਪ੍ਰੀਖਿਆ ਬੋਰਡ ਨੂੰ ਕੀ ਇਹ ਨਹੀਂ ਪਤਾ ਕਿ ਪੰਜਾਬ ਵਿੱਚ ਕੜਾ ਸਿੱਖ ਧਰਮ ਦੇ ਕਕਾਰਾਂ ਵਿੱਚ ਸ਼ਾਮਿਲ ਹੈ ਅਤੇ ਇਸ ਨੂੰ ਉਤਾਰਨ ਲਈ ਕਹਿਣਾ ਸਿੱਧੇ ਤੌਰ ਤੇ ਸਿੱਖ ਧਰਮ ਦੀ ਬੇਅਦਬੀ ਹੈ। ਐਡਵੋਕੇਟ ਨਮੋਲ ਵੱਲੋਂ ਜਿੱਥੇ ਇਸ ਘਟਨਾ ਤੇ ਸਰਕਾਰ ਦੇ ਇਸ ਰਵੱਈਆ ਦੀ ਪੂਰਨ ਨਿਖੇਧੀ ਕੀਤੀ ਗਈ ਹੈ, ਉੱਥੇ ਹੀ ਸਿਆਸੀ ਪਾਰਟੀਆਂ ਨੂੰ ਵੀ ਇਹ ਅਪੀਲ ਕੀਤੀ ਹੈ ਕਿ ਸੂਬੇ ਨੂੰ ਸਿੱਖ ਰੂਪੀ ਚਿਹਰੇ ਨਾਲੋਂ ਸਿੱਖਾਂ ਦੀ ਪੱਤ ਅਤੇ ਗੁਰੂ ਗ੍ਰੰਥ ਸਾਹਿਬ ਜੀ ਦੀ ਮਰਿਆਦਾ ਅਨੁਸਾਰ ਬਣਦਾ ਸਤਿਕਾਰ ਪਹਿਲ ਦੇ ਅਧਾਰ ਤੇ ਮਿਲਣਾ ਚਾਹੀਦਾ ਹੈ। ਨਾ ਕਿ ਕੇਵਲ ਸਿੱਖ ਚਿਹਰਾ ਦਿਖਾ ਕੇ ਅਤੇ ਉਸ ਦੇ ਨਾਂ ਤੇ ਵੋਟਾਂ ਬਟੋਰ ਕੇ ਧਰਮ ਦੀ ਬੇਅਦਬੀ ਕੀਤੀ ਜਾਵੇ। ਐਡਵੋਕੇਟ ਨਮੋਲ ਨੇ ਸਿੱਖਾਂ ਦੀ ਸਿਰਮੌਰ ਧਾਰਮਿਕ ਸੰਸਥਾ ਸ਼ੋਮਣੀ ਪ੍ਰਬੰਧਕ ਕਮੇਟੀ ਵੱਲੋਂ ਇਸ ਘਟਨਾਕ੍ਰਮ ਦੀ ਚੁੱਪ ਤੇ ਵੀ ਸਵਾਲ ਖੜੇ ਕੀਤੇ।

# ਸ਼ਾਤੀ ਦੇਵੀ ਕਾਲਜ ਚ ਆਜਾਦੀ ਦਾ ਅਮ੍ਰਿਤ ਮਹਾ ਉਤਸਵ ਮਨਾਇਆ




**ਦੀਨਾਨਗਰ/ਡਾ.ਰਮੇਸ਼ ਸਰੰਗਲ**

ਸਾਂਤੀ ਦੇਵੀ ਆਰੀਆ ਮਹਿਲਾ ਕਾਲਜ, ਦੀਨਾਨਗਰ ਵਿੱਚ, ਪ੍ਰਿੰਸੀਪਲ ਡਾ: ਰੀਨਾ ਤਲਵਾੜ ਦੇ ਨਿਰਦੇਸਾ ਹੇਠ, ਐਨਸੀਸੀ ਅਤੇ ਐਨਐਸਐਸ ਵਿਭਾਗ ਆਜਾਦੀ ਦਾ ਅੰਮ੍ਰਿਤ ਮਨਾ ਰਿਹਾ ਹੈ। ਜੋ ਕਿ 6 ਅਗਸਤ ਤੋਂ 13 ਅਗਸਤ ਤੱਕ ਮਨਾਇਆ ਜਾਵੇਗਾ। ਇਸ ਤਹਿਤ ਕਾਲਜ ਵਿੱਚ ਲੇਖ, ਭਾਸਣ ਮੁਕਾਬਲਾ, ਕਵਿਤਾ ਉਚਾਰਨ ਮੁਕਾਬਲਾ, ਪੋਸਟਰ ਮੇਕਿੰਗ ਮੁਕਾਬਲਾ, ਚਿਹਰਾ ਪੇਂਟਿੰਗ ਮੁਕਾਬਲਾ, ਟੀ-ਸਰਟ ਪੇਂਟਿੰਗ ਮੁਕਾਬਲਾ ਆਦਿ ਦੇ ਮੁਕਾਬਲੇ ਕਰਵਾਏ ਜਾ ਰਹੇ ਹਨ। 7 ਅਗਸਤ ਨੂੰ ਭਾਸਣ ਅਤੇ ਕਵਿਤਾ ਪਾਠ ਮੁਕਾਬਲੇ ਕਰਵਾਏ ਗਏ। ਜਿਸ ਵਿੱਚ ਕਾਲਜ ਦੇ ਵਿਦਿਆਰਥੀਆਂ ਨੇ ਬੜੇ ਉਤਸਾਹ ਨਾਲ ਭਾਗ ਲਿਆ। ਕਵਿਤਾ ਉਚਾਰਨ ਮੁਕਾਬਲੇ ਵਿੱਚ ਕੁਮਾਰੀ ਕਲਪਨਾ, ਕੁਮਾਰੀ ਕਸਸਿ ਨੇ ਇਨਾਮ ਜਿੱਤੇ, ਭਾਸਣ ਮੁਕਾਬਲੇ ਵਿੱਚ ਕੁਮਾਰੀ ਸੇਜਲ ਨੂੰ ਪਹਿਲਾ, ਕੁਮਾਰੀ ਸਵਿਾਨੀ ਨੂੰ ਦੂਜਾ ਇਨਾਮ, ਕੁਮਾਰੀ ਸਿਮਰਨ ਨੂੰ ਤੀਜਾ ਇਨਾਮ ਮਿਲਿਆ। ਇਸ ਸਮਾਗਮ ਦੇ ਮੁੱਖ ਮਹਿਮਾਨ ਸਹੀਦ ਪਰਿਵਾਰ ਸੁਰੱਖਿਆ ਪ੍ਰੀਸਦ ਦੇ ਮੁੱਖ ਸਕੱਤਰ ਸ੍ਰੀ ਰਵਿੰਦਰ ਸਿੰਘ ਵਿੱਕੀ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸਾਡੇ ਸਹੀਦਾਂ ਨੇ ਆਜਾਦੀ ਪ੍ਰਾਪਤ ਕਰਨ ਅਤੇ ਇਸ ਆਜਾਦੀ ਨੂੰ ਕਾਇਮ ਰੱਖਣ ਲਈ ਬਹੁਤ ਵੱਡੀ ਕੀਮਤ ਅਦਾ ਕੀਤੀ ਹੈ, ਭਾਰਤੀ ਫੌਜ, ਸੀਮਾ ਸੁਰੱਖਿਆ ਬਲ ਅਤੇ ਪੁਲਿਸ ਫੋਰਸ ਯੋਗਦਾਨ ਪਾ ਰਹੀ ਹੈ. ਅਸੀਂ ਆਪਣੇ ਸਹੀਦਾਂ ਅਤੇ ਫੌਜ ਦੇ ਰਿਣੀ ਹਾਂ, ਉਨ੍ਹਾਂ ਕਿਹਾ ਕਿ ਜੇਕਰ ਅਸੀਂ ਆਪਣੀ ਡਿਊਟੀ ਪੂਰੀ ਤਨਦੇਹੀ ਨਾਲ ਨਿਭਾਉਂਦੇ ਹਾਂ ਤਾਂ ਇਸ ਤੋਂ ਵੱਡੀ ਦੇਸ ਭਗਤੀ ਹੋਰ ਕੋਈ ਨਹੀਂ ਹੋ ਸਕਦੀ। ਇਸ ਮੌਕੇ ਬੋਲਦਿਆਂ ਪ੍ਰਿੰਸੀਪਲ ਡਾ: ਰੀਨਾ ਤਲਵਾੜ ਨੇ ਕਿਹਾ ਕਿ ਆਜਾਦੀ ਦਾ ਮਤਲਬ ਮਨਮਰਜੀ ਨਾਲ ਕੁਝ ਕਰਨਾ ਨਹੀਂ ਬਲਕਿ ਆਪਣੀ ਸੀਮਾਵਾਂ ਦੇ ਅੰਦਰ ਰਹਿੰਦੇ ਹੋਏ ਸਰਵਉੱਚਤਾ ਦੇ ਉਦੇਸ ਨੂੰ ਪ੍ਰਾਪਤ ਕਰਨਾ ਹੈ. ਸਮਾਗਮ ਦਾ ਮੁੱਖ ਆਕਰਸਣ ਸ਼ਹੀਦ ਮਨਿੰਦਰ ਸਿੰਘ ਦੇ ਪਿਤਾ ਸਤਪਾਲ ਦੀ ਹਾਜਰੀ ਸੀ, ਜਿਨ੍ਹਾਂ ਦਾ ਜੀਵਨ ਵਿਦਿਆਰਥਣਾਂ ਲਈ ਪ੍ਰੇਰਣਾ ਬਣ ਗਿਆ ਹੈ। ਉਨਾਂ ਕਿਹਾ ਕਿ ਸਹੀਦਾਂ ਦੇ ਪਰਿਵਾਰ ਦਾ ਸਨਮਾਨ ਕਰਨਾ ਰੱਬ ਦੀ ਪੂਜਾ ਕਰਨ ਦੇ ਬਰਾਬਰ ਹੈ, ਸਮਾਗਮ ਦਾ ਮੰਚ ਸੰਚਾਲਨ ਐਨਸੀਸੀ ਦੇ ਏਐਨਓ ਲੈਫਟੀਨੈਂਟ ਡਾ: ਅੰਜਨਾ ਮਲਹੋਤਰਾ ਨੇ ਕੀਤਾ। ਡਾ ਸੁਸਮਾ ਗੁਪਤਾ, ਸੰਗੀਤਾ ਮਲਹੋਤਰਾ, ਦੀਪਕ ਜੋਤੀ, ਸੁਨੀਤਾ ਵਰਮਾ, ਜੋਤੀ ਸੈਣੀ ਅਤੇ ਰਮਾ ਕਪੂਰ ਨੇ ਵਿਦਿਆਰਥੀਆਂ ਨੂੰ ਮੁਕਾਬਲੇ ਵਿੱਚ ਭਾਗ ਲੈਣ ਲਈ ਪ੍ਰੇਰਿਤ ਅਤੇ ਮਾਰਗ ਦਰਸਨ ਦਿੱਤਾ। ਡਾ: ਕੁਲਵਿੰਦਰ ਕੌਰ ਛੀਨਾ, ਦੀਪਕ ਜੋਤੀ, ਡਾ: ਪੂਨਮ ਮਹਾਜਨ ਨੇ ਨਿਰਣਾ ਦੀ ਜੰਮਿਵਾਰੀ ਨਿਭਾਈ।

# ਖਡੂਰ ਸਾਹਿਬ ਹਲਕੇ ’ਚ ਸ਼ੋਮਣੀ ਅਕਾਲੀ ਨੂੰ ਲੱਗਾ ਵੱਡਾ ਝਟਕਾ



**■ ਸੀਨੀਅਰ ਅਕਾਲੀ ਆਗੂ ਡਾ. ਰਣਜੀਤ ਸਿੰਘ ਰਾਣਾ ਸਾਥੀਆਂ ਸਣੇ ਕਾਂਗਰਸ ’ਚ ਸ਼ਾਮਲ**

**ਤਰਨਤਾਰਨ/ਦਿਬਾਗ ਸਿੰਘ ਜੋਹਲ**

ਵਿਧਾਨ ਸਭਾ ਹਲਕਾ ਖਡੂਰ ਚ ਸ੍ਰੋਮਣੀ ਅਕਾਲੀ ਦਲ ਨੂੰ ਅੱਜ ਉਸ ਵੇਲੇ ਵੱਡਾ ਝਟਕਾ ਲੱਗਾ ਜਦੋਂ ਪਿੰਡ ਵੇਈਂ ਪੂਈਂ ਦੇ ਸੀਨੀਅਰ ਅਕਾਲੀ ਆਗੂ ਡਾ.ਰਣਜੀਤ ਸਿੰਘ ਰਾਣਾ ਆਪਣੇ ਆਪਣੇ ਸਾਥੀਆਂ ਸਮੇਤ ਸ਼੍ਰੋਮਣੀ ਅਕਾਲੀ ਦਲ ਨੂੰ ਅਲਵਿਦਾ ਕਹਿ ਕੇ ਕਾਂਗਰਸ ਵਿਚ ਸ਼ਾਮਲ ਹੋ ਗਏ। ਡਾ. ਰਣਜੀਤ ਸਿੰਘ ਰਾਣਾ ਨੇ ਕਿਹਾ ਉਹ ਹਲਕਾ ਖਡੂਰ ਦੇ ਵਿਧਾਇਕ ਰਮਨਜੀਤ ਸਿੰਘ ਸਿੱਕੀ ਦੀਆਂ ਲੋਕ ਪੱਖੀ ਨੀਤੀਆਂ ਤੋਂ ਖੁਸ਼ ਹੋ ਕੇ ਕਾਂਗਰਸ ਪਾਰਟੀ ਵਿਚ ਸਾਮਲ ਹੋਏ ਹਨ। ਰਾਣਾ ਨੇ ਕਿਹਾ ਕੇ ਬੜੇ ਲੰਮੇ ਅਰਸੇ ਬਾਅਦ ਖਡੂਰ ਸਾਹਿਬ ਹਲਕੇ ਨੂੰ ਇਹੋ ਜਿਹੇ ਇਮਾਨਦਾਰ ਵਿਧਾਇਕ ਮਿਲੇ ਹਨ ਜਿਨ੍ਹਾਂ ਕਦੇ ਕਿਸੇ ਨਾਲ ਕੋਈ ਧੱਕਾ ਨਹੀਂ ਕੀਤਾ ਅਤੇ ਨਾ ਹੀ ਕਿਸੇ ਪੈਸੇ ਦੇ ਰਵਾਦਾਰ ਹੀ ਬਣੇ ਹਨ। ਇਸ ਮੌਕੇ ਵਿਧਾਇਕ ਰਮਨਜੀਤ ਸਿੰਘ ਸਿੱਕੀ ਨੇ ਅਕਾਲੀ ਦਲ ਨੂੰ ਅਲਵਿਦਾ ਕਹਿ ਕੇ ਆਏ ਆਗੂਆਂ ਨੂੰ ਵਿਸ਼ਵਾਸ ਦਿਵਾਇਆ ਕੇ ਉਹਨਾਂ ਨੂੰ ਕਾਂਗਰਸ ਵਿਚ ਪੂਰਾ ਮਾਣ ਸਤਿਕਾਰ ਦਿੱਤਾ ਜਾਵੇਗਾ। ਇਸ ਮੌਕੇ ਤਸਬੀਰ ਸਿੰਘ, ਬਲਵਿੰਦਰ ਸਿੰਘ , ਧਰਮਿੰਦਰ ਸਿੰਘ, ਲਖਵਿੰਦਰ ਸਿੰਘ ਸਾਰੇ ਸਾਬਕਾ ਮੈਂਬਰ ਪੰਚਾਇਤ, ਹਰਭਿੰਦਰ ਸਿੰਘ, ਸੁਖਵਿੰਦਰ ਸਿੰਘ, ਪਰਮਜੀਤ ਸਿੰਘ ਮਿਸਤਰੀ , ਭੁਪਿੰਦਰ ਸਿੰਘ , ਮਨਜਿੰਦਰ ਸਿੰਘ ਮੰਨਾ, ਨਿਰਮਲ ਸਿੰਘ ਨਿੱਮਾ, ਜਤਿੰਦਰ ਸਿੰਘ ਮੰਗਾ ਅਕਾਲੀ ਦਲ ਨੂੰ ਅਲਵਿਦਾ ਕਹਿ ਕੇ ਕਾਂਗਰਸ ਪਾਰਟੀ ਵਿਚ ਸ਼ਾਮਲ ਹੋਏ। ਜਦੋਂਕਿ ਹਰਪ੍ਰੀਤ ਸਿੰਘ ਹੈਪੀ ਝੰਡੇਰ, ਸਵਰਾਜ ਸਿੰਘ ਰੇਸ਼ੀਆਣਾ, ਸਰਪੰਚ ਨਿਸ਼ਾਨ ਸਿੰਘ, ਜੱਸ ਲਾਲਪੁਰ ਆਦਿ ਸਮੇਤ ਹੋਰ ਕਾਂਗਰਸੀ ਆਗੂ ਵੀ ਇਸ ਮੌਕੇ ਮੌਜੂਦ ਸਨ।

# ਪੁਲਿਸ ਨੇ ਕੱਢਿਆ ਫਲੈਗ ਮਾਰਚ

**ਮਮਦੋਟ/ਹਰਪ੍ਰੀਤ ਸਿੰਘ ਹੈਪੀ**

ਆਉਣ ਵਾਲੀ ਪੰਦਰਾਂ ਅਗਸਤ ਨੂੰ ਲੈ ਕੇ ਫਿਰੋਜਪੁਰ ਪੁਲਿਸ ਵੱਲੋਂ ਜਿਲ੍ਹੇ ਅੰਦਰ ਸੁਰੱਖਿਆ ਦੇ ਸਖਤ ਇੰਤਜਾਮ ਕੀਤੇ ਜਾ ਰਹੇ ਹਨ। ਜ਼ਿਲ੍ਹਾ ਪੁਲੀਸ ਕਪਤਾਨ ਦੇ ਹੁਕਮਾਂ ਦੀ ਪਾਲਣਾ ਕਰਦੇ ਹੋਏ ਡੀ ਐੱਸ ਪੀ ਫਿਰੋਜਪੁਰ ਦਿਹਾਤੀ ਦੀ ਅਗਵਾਈ ਵਿਚ ਥਾਣਾ ਮੁਖੀ ਗੁਰਪ੍ਰੀਤ ਸਿੰਘ ਅਤੇ ਭਾਰੀ ਪੁਲਸ ਫੋਰਸ ਦੀ ਤਾਇਨਾਤੀ ਅੰਦਰ ਮਮਦੋਟ ਡੀ ਐਸ ਪੀ ਆਜਾਦ ਦਵਿੰਦਰ ਸਿੰਘ ਨੇ ਦੱਸਿਆ ਹੈ ਕਿ ਆਉਣ ਵਾਲੀ ਪੰਦਰਾਂ ਅਗਸਤ ਨੂੰ ਲੈ ਕੇ ਜਿਲ੍ਹੇ ਭਰ ਚ ਸੁਰੱਖਿਆ ਦੇ ਕੜੇ ਇੰਤਜ਼ਾਮ ਕੀਤੇ ਗਏ ਹਨ। ਜਿਸ ਕਰਕੇ ਫਿਰੋਜਪੁਰ ਦਿਹਾਤੀ ਦੀ ਹਦੂਦ ਅੰਦਰ ਆਉਂਦੇ ਇਲਾਕਿਆਂ ਦੇ ਚੱਪੇ-ਚੱਪੇ ਤੇ ਨਜ਼ਰ ਰੱਖੀ ਜਾ ਰਹੀ ਹੈ ਤਾਂ ਜੋ ਕੋਈ ਵੀ ਅਣਸੁਖਾਵੀ ਘਟਨਾ ਨਾ ਵਾਪਰੇ ਅਤੇ ਲੋਕ ਵਧੀਆ ਤਰੀਕੇ ਨਾਲ ਪੰਦਰਾਂ ਅਗਸਤ ਦਾ ਦਿਨ ਮਨਾ ਸਕਣ ।



ਅਦਾਰਾ ‘ਲੋਕ ਬਾਣੀ’ ਵਿੱਚ ਛਾਪੀਆਂ ਜਾਂਦੀਆਂ ਖ਼ਬਰਾਂ, ਰਿਪੋਰਟਾਂ, ਲੇਖ, ਕਹਾਣੀਆਂ, ਕਵਿਤਾਵਾਂ ਅਤੇ ਹਰ ਕਿਸਮ ਦੇ ਇਸ਼ਤਿਹਾਰਾਂ ਵਿੱਚ ਦਿੱਤੀ ਗਈ ਸੂਚਨਾ, ਵਿਚਾਰ ਆਦਿ ਨਾਲ ਅਖ਼ਬਾਰ ਦੇ ਪ੍ਰਬੰਧਕਾਂ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਇਸ ਅਖ਼ਬਾਰ ਵਿੱਚ ਛਪੇ ਇਸ਼ਤਿਹਾਰ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਲਈ ਪ੍ਰਬੰਧਕ ਕੋਈ ਜ਼ਿੰਮੇਵਾਰੀ ਨਹੀਂ ਲੈਂਦੇ ਕਿਉਂਕਿ ਸਾਡਾ ਅਖ਼ਬਾਰ ਇਨ੍ਹਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ/ਸ਼ੁੱਭ ਚਿੰਤਕਾਂ ਨੂੰ ਬੇਨਤੀ ਹੈ ਕਿ ਉਹ ਇਨ੍ਹਾਂ ਇਸ਼ਤਿਹਾਰਾਂ ’ਤੇ ਕੋਈ ਕਾਰਵਾਈ ਕਰਨ ਤੋਂ ਪਹਿਲਾਂ ਤੱਥਾਂ ਦੀ ਪੜਤਾਲ/ਪੁਸ਼ਟੀ ਕਰ ਲੈਣ। -ਸੰਪਾਦਕ

Daily Lok Bani (Punjabi) R.N.I. Punpun 29016/2008 Edior, Owner, Printer, Publisher, Amandeep Mehra Printed at Rachna Printers, Railway Road Jalandhar Place of Publication : 308 Sangam complex Milap Chowk, Jalandhar (India) / Contect No. : 0181-2211009, Fax : 2211009 / Email Id : lokbani08@gmail.com / Webside : lokbani.com

# ਪਾਵਰਕਾਮ ਸਬ ਡਿਵੀਜਨ ਦੇ ਮੁਲਾਜਮਾਂ ਨੇ ਕੀਤੀ ਗੇਟ ਰੈਲੀ

**ਮਮਦੋਟ/ਹਰਪ੍ਰੀਤ ਸਿੰਘ ਹੈਪੀ**

ਸਬ ਡਿਵੀਜਨ ਦੇ ਮੁਲਾਜਮਾਂ ਵੱਲੋਂ ਸਾਂਝੇ ਫੋਰਮ ਦੇ ਸੱਦੇ ਤੇ ਸਬ ਡਿਵੀਜਨ ਮਮਦੋਟ ਵਿਖੇ ਇਕ ਗੇਟ ਰੈਲੀ ਕੀਤੀ ਗਈ।ਜਿਸ ਵਿੱਚ ਬਿਜਲੀ ਐਕਟ 2020 ਦੀਆਂ ਕਾਪੀਆਂ ਸਾੜ ਕੇ ਕੇਂਦਰ ਸਰਕਾਰ ਦੀ ਨਿਖੇਧੀ ਕੀਤੀ ਅਤੇ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਜਾਰੀ ਕੀਤੇ ਤਿੰਨ ਕਾਨੂੰਨ ਜੋ ਕਿ ਕਿਸਾਨ ਮਜ਼ਦੂਰ ਅਤੇ ਮੁਲਾਜਮਾਂ ਦੇ ਵਿਰੋਧੀ ਹਨ।ਉਨ੍ਹਾਂ ਨੂੰ ਤੁਰੰਤ ਰੱਦ ਕੀਤਾ ਜਾਵੇ ਅਤੇ ਬਿਜਲੀ ਐਕਟ 2020 ਨੂੰ ਵੀ ਤੁਰੰਤ ਰੱਦ ਕਰ ਖਤਮ ਕੀਤਾ ਜਾਵੇ। ਇਸ ਮੌਕੇ ਉਨ੍ਹਾਂ ਨੇ ਪੰਜਾਬ ਸਰਕਾਰ ਵਿਰੁੱਧ ਜ਼ੋਰਦਾਰ ਨਾਅਰੇਬਾਜ਼ੀ ਕੀਤੀ ਅਤੇ ਮੰਗੀਆਂ ਮੰਗਾਂ ਜਿਵੇਂ 6ਵੇਂ ਪੈ ਕਮਿਸਨ ਤਹਿਤ ਕੱਚੇ ਮੁਲਾਜਮਾਂ ਨੂੰ ਪੱਕੇ ਕਰਨ ਮਹਿਕਮੇ ਵਿਚ ਖਾਲੀ ਪੋਸਟਾਂ ਤੇ ਜਲਦ ਭਰਤੀ ਕੀਤੀ ਜਾਵੇ ਤੇ ਸਾਲ ਤਿੰਨ ਦਾ ਨੋਟੀਫਿਕੇਸ਼ਨ ਸਮਾਂ ਤਿੰਨ ਸਾਲ ਤੋਂ ਵਧਾ ਕੇ ਦੋ ਸਾਲ ਕੀਤਾ ਜਾਵੇ ਅਤੇ ਰਹਿੰਦੇ ਸਾਲ ਜਲਦੀ ਭਰਤੀ ਕੀਤੀ ਜਾਵੇ ਇਸ ਰੈਲੀ ਮੌਕੇਂ ਪ੍ਰਧਾਨ ਅਜਮੇਰ ਸਿੰਘ ,ਮੀਤ ਪ੍ਰਧਾਨ ਬੂਟਾ ਸਿੰਘ, ਪ੍ਰਧਾਨ ਪੂਰਨ ਸਿੰਘ, ਗੁਰਦੇਵ ਸਿੰਘ ਮਮਦੋਟ, ਪ੍ਰਦੀਪ ਕੁਮਾਰ, ਰਮਨਦੀਪ ਕੁਮਾਰ ਆਦਿ ਹਾਜਰ ਸਨ।



# ਜ਼ਿਲ੍ਹਾ ਪ੍ਰੀਸ਼ਦ ਚੇਅਰਮੈਨ ਜੱਥੇਦਾਰ ਇੰਦਰਜੀਤ ਸਿੰਘ ਤਲਵੰਡੀ ਭੰਗੇਰੀਆਂ ਨੇ ਨੌਜਵਾਨ ਖਿਡਾਰੀਆਂ ਨੂੰ ਖੇਡ ਕਿੱਟਾਂ ਅਤੇ ਜਰਸੀਆਂ ਵੰਡੀਆਂ



**ਮੋਗਾ/ਲੋਕ ਬਾਣੀ**

ਮੋਗਾ ਜ਼ਿਲ੍ਹੇ ਦੇ ਪਿੰਡ ਤਲਵੰਡੀ ਭੰਗੇਰੀਆਂ ਵਿਖੇ ਸ਼ਹੀਦ ਕਰਤਾਰ ਸਿੰਘ ਸਰਾਭਾ ਵੈਲਫੇਅਰ ਐਂਡ ਸਪੋਰਟਸ ਕਲੱਬ ਤਲਵੰਡੀ ਭੰਗੇਰੀਆਂ (ਰਜਿ) ਵੱਲੋਂ ਖਿਡਾਰੀਆਂ ਨੂੰ ਖੇਡਾਂ ਵੱਲ ਪ੍ਰੇਰਿਤ ਕਰਨ ਲਈ ਸਪੋਰਟਸ ਕਿੱਟਾਂ ਅਤੇ ਜਰਸੀਆਂ ਵੰਡੀਆਂ।

ਨੌਜਵਾਨਾਂ ਨੂੰ ਕਿੱਟਾਂ ਵੰਡਣ ਮੌਕੇ ਜ਼ਿਲ੍ਹਾ ਪ੍ਰੀਸ਼ਦ ਚੇਅਰਮੈਨ ਜੱਥੇਦਾਰ ਇੰਦਰਜੀਤ ਸਿੰਘ ਤਲਵੰਡੀ ਭੰਗੇਰੀਆਂ ਤੋਂ ਇਲਾਵਾ ਸਰਪੰਚ ਰੁਪਿੰਦਰ ਸਿੰਘ, ਰੇਸ਼ਮ ਸਿੰਘ ਸਿੱਧੂ ਬਲਾਕ ਸੰਮਤੀ ਮੈਂਬਰ, ਪੰਚਾਇਤ ਮੈਂਬਰ ਬਾਬਾ ਸੁਖਮੰਦਰ ਸਿੰਘ , ਕੁਲਦੀਪ ਸਿੰਘ , ਛਿੰਦਰ ਸਿੰਘ , ਆਤਮਾ ਸਿੰਘ , ਰਾਜ ਕੌਰ , ਸੱਜਣ ਰਾਮ ਸਿੰਘ ਸਿੱਧੂ , ਰੇਸ਼ਮ ਸਿੰਘ ਭੁੱਲਰ , ਸੱਤਪਾਲ, ਸੁਖਦੇਵ ਸਿੰਘ ਸਿੱਧੂ ਕਲੱਬ ਮੈਂਬਰ, ਪ੍ਰਧਾਨ ਮਨਵੀਰ ਸਿੰਘ, ਮੀਤ ਪਰਧਾਨ ਹਰਪ੍ਰੀਤ ਸਿੰਘ, ਜਰਨਲ ਸਕੱਤਰ ਅਰਸ਼ਪ੍ਰੀਤ ਸਿੰਘ, ਖਜਾਨਚੀ ਗੁਰਤੇਜ ਸਿੰਘ, ਪ੍ਰਚਾਰ ਸਕੱਤਰ ਹਰਦੀਪ ਸਿੰਘ, ਗੁਰਪ੍ਰੀਤ ਸਿੰਘ ਗੋਪੀ, ਅਮਨਦੀਪ ਸਿੰਘ, ਸਿਮਰਨਦੀਪ ਸਿੰਘ ਅਤੇ ਦਵਿੰਦਰ ਸਿੰਘ ਹਾਜ਼ਰ ਸਨ। ਇਸ ਮੌਕੇ ਜ਼ਿਲ੍ਹਾ ਪ੍ਰੀਸ਼ਦ ਚੇਅਰਮੈਨ ਇੰਦਰਜੀਤ ਸਿੰਘ ਤਲਵੰਡੀ ਭੰਗੇਰੀਆਂ ਨੇ ਸੰਬੋਧਨ ਕਰਦਿਆਂ ਆਖਿਆ ਕਿ ਖੇਡਾਂ ਨੌਜਵਾਨਾਂ ਦੇ ਜੀਵਨ ਦਾ ਅਨਿੱਖੜਵਾਂ ਹਿੱਸਾ ਹਨ ਅਤੇ ਪੰਜਾਬ ਦੇ ਨੌਜਵਾਨਾਂ ਦੀ ਪਹਿਚਾਣ ਹੀ ਤੰਦਰੁਸਤੀ ਤੋਂ ਹੁੰਦੀ ਹੈ। ਉਹਨਾਂ ਆਖਿਆ ਕਿ ਇਸ ਵਾਰ ਉਲੰਪਿਕ ਖੇਡਾਂ ਵਿਚ ਪੰਜਾਬ ਦੇ ਖਿਡਾਰੀਆਂ ਨੇ ਪ੍ਰਭਾਵਸ਼ਾਲੀ ਖੇਡ ਦਾ ਪ੍ਰਦਰਸ਼ਨ ਕੀਤਾ ਹੈ ਇਸ ਕਰਕੇ ਨਵੇਂ ਖਿਡਾਰੀਆਂ ਨੂੰ ਉਤਸ਼ਾਹਿਤ ਕਰਨ ਲਈ ਪਿੰਡ ਤਲਵੰਡੀ ਭੰਗੇਰੀਆਂ ਦੇ ਇਹਨਾਂ ਨੌਜਵਾਨਾਂ ਨੂੰ ਖੇਡ ਕਿੱਟਾਂ ਵੰਡੀਆਂ ਗਈਆਂ ਹਨ ਤਾਂ ਕਿ ਗਰਾਊਂਡਾਂ ਵਿਚ ਸਪੋਰਟਸ ਪੋਸ਼ਾਕਾਂ ਪਾ ਕੇ ਅਨੁਸ਼ਾਸਨਿਕ ਤਰੀਕੇ ਨਾਲ ਖਿਡਾਰੀ ਪਿੰਡ, ਸ਼ਹਿਰ ਅਤੇ ਸੂਬੇ ਦਾ ਨਾਮ ਰੌਸ਼ਨ ਕਰ ਸਕਣ। ਉਹਨਾਂ ਆਖਿਆ ਕਿ ਭਵਿੱਖ ਵਿਚ ਵੀ ਨੌਜਵਾਨ ਖਿਡਾਰੀਆਂ ਦੀ ਬਿਹਤਰੀ ਲਈ ਕਲੱਬ ਸੰਭਵ ਕੋਸ਼ਿਸ ਕਰਦਾ ਰਹੇਗਾ। ਉਹਨਾਂ ਪਿੰਡ ਦੇ ਸਰਪੰਚ ਰੁਪਿੰਦਰ ਸਿੰਘ ਦਾ ਧੰਨਵਾਦ ਕੀਤਾ ਜਿਹਨਾਂ ਨੇ ਸ਼ਹੀਦ ਕਰਤਾਰ ਸਿੰਘ ਸਰਾਭਾ ਵੈਲਫੇਅਰ ਐਂਡ ਸਪੋਰਟਸ ਕਲੱਬ ਨਾਲ ਰਲ ਕੇ ਪਿੰਡ ਦੇ ਨੌਜਵਾਨ ਖਿਡਾਰੀਆਂ ਲਈ ਇਹ ਉੱਦਮ ਕੀਤਾ ਹੈ।

# ਕੌਂਸਲ ਆਫ ਡਿਪਲੋਮਾ ਇੰਜੀਨੀਅਰਜ਼ ਦੇ ਸੱਦੇ ਤੇ ਜਲ ਸਪਲਾਈ ਦੇ ਇੰਜਨੀਅਰ 9 ਤੋਂ 13 ਅਗਸਤ ਤੱਕ ਕਲਮ ਛੋੜ ਹੜਤਾਲ ਤੇ ਬੈਠੇ

**ਘਨੌਰ/ਸਰਦਾਰਾ ਸਿੰਘ ਲਾਛੜੂ**

ਪੰਜਾਬ ਸਰਕਾਰ ਦੇ ਸਰਕਾਰੀ/ਅਰਧ ਸਰਕਾਰੀ ਵਿਭਾਗਾਂ/ਬੋਰਡਾਂ/ ਕਾਰਪੋਰੇਸਨਾ/ਸਥਾਨਕ ਸਰਕਾਰਾਂ ਵਿਭਾਗ/ ਯੂਨੀਵਰਸਿਟੀਆਂ ਅਤੇ ਹੋਰ ਤਕਨੀਕੀ ਅਦਾਰਿਆਂ ਵਿੱਚ ਸੇਵਾਵਾਂ ਨਿਭਾ ਰਹੇ ਜੂਨੀਅਰ ਇੰਜੀਨੀਅਰਜ / ਸਹਾਇਕ ਇੰਜੀਨੀਅਰਜ/ਉਪ ਮੰਡਲ ਇੰਜੀਨੀਅਰਜ , ਅਫਸਰਜ (ਪਦ -ਉੱਨਤ) ਦੀ ਪ੍ਰਤੀਨਿਧ ਜਮਾਤ ਕੌਂਸਲ ਆਫ ਡਿਪਲੋਮਾ ਇੰਜੀਨੀਅਰਜ , ਪੰਜਾਬ, ਹਿਮਾਚਲ ਪ੍ਰਦੇਸ ਚੰਡੀਗੜ੍ਹ (ਯੂ. ਟੀ) ਹਰਿਆਣਾ ਅਤੇ ਜੰਮੂ ਤੇ ਕਸਮੀਰ ਦੇ ਸੱਦੇ ਤੇ ਪੰਜਾਬ ਸਰਕਾਰ ਵੱਲੋਂ ਗਠਿਤ 6ਵੇ ਤਨਖਾਹ ਕਮਿਸਨ ਦੀਆਂ ਤਰੁੱਟੀਆਂ ਭਰਪੂਰ ਰਿਪੋਰਟ ਤੇ ਸਿਫਾਰਸਾਂ ਅਤੇ ਪੰਜਾਬ ਸਰਕਾਰ ਦੇ ਵਿੱਤ ਵਿਭਾਗ ਵੱਲੋਂ ਮਿਤੀ 05-07-2021 ਨੂੰ ਮੁਲਾਜ਼ਮਤ ਮਾਰੂ ਨੀਤੀਆਂ ਤਹਿਤ ਮਨਮਾਨੇ ਢੰਗ ਜਾਰੀ ਨੋਟੀਫਿਕੇਸ਼ਨ ਦੇ ਪੁਰਜ਼ੋਰ ਵਿਰੋਧ ਵਿੱਚ ਸਥਾਨਕ ਪੱਧਰ ਤੇ 9ਤੋਂ 13 ਅਗਸਤ ਤੱਕ ਕਲਮ ਛੋੜ ਹੜਤਾਲ ਕਰਕੇ ਸਾਂਤਮਈ ਭਾਰੀ ਰੋਸ ਦਾ ਪ੍ਰਗਟਾਵਾ ਕਰਦੇ ਕੰਮ ਬੰਦ ਕੀਤੇ ਗਏ।ਇਸ ਦੀ ਜਾਣਕਾਰੀ ਦਿੰਦੇ ਹੋਏ ਕੌਂਸਲ ਦੇ ਕੋ ਚੇਅਰਮੈਨ ਇੰਜੀਨੀਅਰ ਸਤਨਾਮ ਸਿੰਘ ਮੱਟੂ ਅਤੇ ਜਗਤਾਰ ਸਿੰਘ ਢਿੱਲੋਂ ਜੇ ਈ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਗਠਿਤ ਕੀਤੇ ਗਏ ਪੰਜਾਬ 6ਵੇਂ ਤਨਖਾਹ ਕਮਿਸਨ ਦੀ ਰਿਪੋਰਟ ਵਿੱਚ ਰਹਿ ਗਈਆਂ ਤਰੁੱਟੀਆਂ ਭਰਪੂਰ ਸਿਫਾਰਸਾਂ ਦੀ ਸੋਧਾਂ ਕੀਤਿਆਂ ਬਗੈਰ ਹੀ ਪੰਜਾਬ ਸਰਕਾਰ ਦੇ ਵਿੱਤ ਵਿਭਾਗ ਵੱਲੋਂ ਮਿਤੀ 05-07-2021 ਨੂੰ ਮੁਲਾਜ਼ਮਤ ਮਾਰੂ ਨੀਤੀਆਂ ਤਹਿਤ ਮਨਮਾਨੇ ਢੰਗ ਨਾਲ਼ ਜਾਰੀ ਕੀਤੇ ਗਏ ਨੋਟੀਫਿਕੇਸ਼ਨ ਦੀ ਵੱਖ-2 ਬੁਲਾਰਿਆਂ ਸਖਤ ਨਿਖੇਧੀ ਕਰਦੇ ਹੋਏ ਵਿਰੋਧ ਕੀਤਾ ਜਾ ਰਿਹਾ ਹੈ।ਸਾਲ 2011 ਵਿੱਚ ਜੱਥੇਬੰਦਕ ਸਖਤ ਸੰਘਰਸ ਤੋਂ ਬਾਅਦ ਉਸ ਸਮੇਂ ਦੀ ਸਰਕਾਰ ਵੱਲੋਂ ਦਿੱਤੇ ਗਏ ਸਨਮਾਨਜਨਕ



ਸਕੇਲਾਂ ਤੇ ਤਨਖਾਹ ਕਮਿਸਨ ਵੱਲੋਂ 2.25 ਦਾ ਨਾ ਪ੍ਰਵਾਨ ਕਰਨ ਯੋਗ ਗੁਣਾਂਕ ਦੇ ਕੇ ਇਸ ਵਰਗ ਨਾਲ ਸਰਾਸਰ ਧੱਕਾ ਕੀਤਾ ਗਿਆ ਹੈ। ਜਿਸ ਨਾਲ ਇਸ ਵਰਗ ਜੂਨੀਅਰ ਇੰਜੀਨੀਅਰ/ਸਹਾਇਕ ਇੰਜੀਨੀਅਰ ਅਤੇ ਪੱਦ ਉੱਨਤ ਐੱਸ ਡੀ ਈ/ ਓਜ਼ ਦੀਆਂ ਤਨਖਾਹਾਂ ਵਿੱਚ ਵਾਧਾ ਕਰਨ ਦੀ ਥਾਂ ਘਟਾਉਣ ਦਾ ਕੰਮ ਕੀਤਾ ਗਿਆ ਹੈ। ਪੰਜਾਬ ਸਰਕਾਰ ਦੇ ਵਿੱਤ ਵਿਭਾਗ ਵੱਲੋਂ ਨੋਟੀਫਿਕੇਸ਼ਨ ਨੇ ਇਸ ਬੇਤਹਾਸ਼ਾ ਮਹਿੰਗਾਈ ਦੇ ਦੌਰ ਵਿੱਚ ਤਨਖਾਹ ਵਧਾਉਣ ਦੀ ਥਾਂ ਮਨਮਾਨੇ ਢੰਗ ਨਾਲ਼ ਤਨਖਾਹਾਂ ਘਟਾਉਣ ਦਾ ਕੰਮ ਕਰਦੇ ਹੋਏ ਮੁਲਾਜ਼ਮ ਵਰਗ ਦਾ ਸ਼ੋਸਣ ਕੀਤਾ ਗਿਆ ਹੈ। ਸਰਬਸੰਮਤੀ ਨਾਲ ਮਤਾ ਪਾਸ ਕਰਕੇ ਪੰਜਾਬ ਸਰਕਾਰ ਵੱਲੋਂ ਗਠਿਤ 6ਵੇਂ ਤਨਖਾਹ ਕਮਿਸਨ ਦੀ ਰਿਪੋਰਟ ਨੂੰ ਮੁੱਢੋ ਹੀ ਰੱਦ ਕੀਤਾ ਗਿਆ ਹੈ। ਪੰਜਾਬ ਸਰਕਾਰ ਦੇ ਵਿੱਤ ਵਿਭਾਗ ਵੱਲੋਂ ਤਨਖ਼ਾਹਾ ਸਬੰਧੀ ਜਾਰੀ ਨੋਟੀਫਿਕੇਸ਼ਨ ਵਿੱਚ ਵੱਖ-2 ਮੁਲਾਜ਼ਮ ਜੱਥੇਬੰਦੀਆਂ ਵੱਲੋਂ ਹੱਕੀ ਤੇ ਜਾਇਜ ਮੰਗਾਂ ਅਨੁਸਾਰ ਸੋਧਾਂ ਕਰਕੇ ਪੰਜਾਬ ਦੀ ਸਮੂਹ ਮੁਲਾਜ਼ਮਤ ਨੂੰ ਇਨਸਾਫ ਦੇਣ ਦੀ ਮੰਗ ਕੀਤੀ ਗਈ ਹੈ। ਕੌਂਸਲ ਵੱਲੋਂ ਪੰਜਾਬ ਸਰਕਾਰ ਤੋਂ ਮੰਗ ਕੀਤੀ ਗਈ ਕਿ ਜੂਨੀਅਰ ਇੰਜੀਨੀਅਰ/ਸਹਾਇਕ ਇੰਜੀਨੀਅਰਜ਼ ਵਰਗ ਨੂੰ ਸਾਲ 2011 ਵਿੱਚ ਦਿੱਤੇ ਗਏ ਤਨਖਾਹ ਸਕੇਲਾਂ ਤੇ 3.01 ਦਾ ਗੁਣਾਂਕ ਦੇਣ ਦੀ ਮੰਗ ਕੀਤੀ ਗਈ। ਤਨਖਾਹ ਕਮਿਸਨ ਦੀ ਰਿਪੋਰਟ ਵਿੱਚ ਸਮੂਹ ਜੇ.ਈ./ਏ.ਈ. ਵਰਗ ਦੇ ਖਤਮ ਕੀਤੇ 30 ਲੀਟਰ ਪੈਟਰੋਲ ਫਿਕਸ ਟਰੈਵਲਿੰਗ ਅਲਾਊਂਸ ਨੂੰ ਬਹਾਲ ਕਰਦੇ ਹੋਏ 80 ਲੀਟਰ ਪੈਟਰੋਲ ਭੱਤਾ ਫਿਕਸ ਟਰੈਵਲਿੰਗ ਅਲਾਊਸ ਦੇਣ ਦੀ ਮੰਗ ਕੀਤੀ ਗਈ ਕੌਂਸਲ ਵੱਲੋਂ ਮਿਤੀ 1.1.2004 ਤੋਂ ਬਾਅਦ ਭਰਤੀ ਮੁਲਾਜਮਾਂ ਲਈ ਪੁਰਾਣੀ ਪੈਨਸਨ ਸਕੀਮ ਦੀ ਬਹਾਲੀ, ਰਾਜ ਵਿੱਚ ਠੇਕੇ / ਕੱਚੇ ਮੁਲਾਜਮਾਂ ਨੂੰ ਤੁਰੰਤ ਪੱਕਾ ਕਰਨ, ਆਊਟ ਸੋਰਸਿੰਗ ਭਰਤੀ ਬੰਦ ਕਰਕੇ ਪੱਕੀ ਭਰਤੀ ਕਰਨ, ਨਵੀਂ ਭਰਤੀ ਹੋਣ ਵਾਲੇ ਮੁਲਾਜਮਾਂ ਨੂੰ ਕੇਂਦਰ ਸਰਕਾਰ ਦੀ ਥਾਂ ਤੇ ਪੰਜਾਬ ਸਰਕਾਰ ਦੇ ਤਨਖਾਹ ਸਕੇਲਾਂ ਤੇ ਭਰਤੀ ਕਰਨ, ਜੇ.ਈ /ਏ. ਈ ਦੀ ਅਸਾਮੀ ਤੋਂ ਉਪ ਮੰਡਲ ਇੰਜੀਨੀਅਰ ਦੀ ਅਸਾਮੀ ਲਈ ਤਰੱਕੀ ਕੋਟਾ ਚੰਡੀਗੜ੍ਹ ਦੀ ਤਰਜ ਤੇ 50% ਤੋਂ ਵਧਾ ਕੇ 75% ਕਰਨ ਦੀ ਮੰਗ ਕੀਤੀ ਗਈ। ਪੰਜਾਬ ਦੀਆਂ ਸਮੂਹ ਮੁਲਾਂਜਮ ਭਰਾਤਰੀ ਜਥੇਬੰਦੀਆਂ ਵੱਲੋਂ ਸਾਂਝੀਆਂ ਜਾਇਜ ਤੇ ਹੱਕੀ ਮੰਗਾਂ ਨੂੰ ਮੰਨਣ ਲਈ ਕੀਤੇ ਜਾ ਰਹੇ ਸੰਘਰਸ ਦੀ ਪੁਰਜੋਰ ਹਮਾਇਤ ਕੀਤੀ ਗਈ। ਕੌਂਸਲ ਵੱਲੋਂ ਪੰਜਾਬ ਸਰਕਾਰ ਨੂੰ ਚਿਤਾਵਨੀ ਦਿੱਤੀ ਗਈ ਜੇਕਰ ਇਸ ਵਰਗ ਦੀਆਂ ਹੱਕੀ ਤੇ ਜਾਇਜ ਮੰਗਾਂ ਨੂੰ ਨਾ ਮੰਨਿਆ ਗਿਆ ਤਾਂ ਪੰਜਾਬ ਵਿੱਚ ਚਲਦੇ ਸਾਰੇ ਵਿਕਾਸ ਕਾਰਜਾਂ ਦਾ ਬਾਈਕਾਟ ਕਰਕੇ ਵਿਰੋਧ ਕੀਤਾ ਜਾਵੇਗਾ। ਜੂਨੀਅਰ ਇੰਜੀਨੀਅਰ/ਸਹਾਇਕ ਇੰਜੀਨੀਅਰ/ਉਪ ਮੰਡਲ ਇੰਜੀਨੀਅਰ,ਅਫਸਰ (ਪਦ ਉੱਨਤ) ਵਰਗ ਦੀਆਂ ਹੱਕੀ ਤੇ ਜਾਇਜ ਮੰਗਾਂ ਨੂੰ ਪੰਜਾਬ ਸਰਕਾਰ ਵੱਲੋਂ ਨਾ ਮੰਨਣ ਦੀ ਸੂਰਤ ਵਿੱਚ ਕੌਂਸਲ ਵੱਲੋਂ ਜਲਦ ਹੀ ਤਿੱਖੇ ਦੀ ਚਿਤਾਵਨੀ ਵੀ ਦਿੱਤੀ ਗਈ ਹੈ।

# ਯੂਨੀਵਰਸਿਟੀ ਕਾਲਜ ਘਨੌਰ ਵਿਖੇ ਵਿਦਿਆਰਥਣਾਂ ਦੀ ਸਵੈ-ਰੱਖਿਆ ਲਈ 10 ਰੋਜ਼ਾ ਮਾਰਸ਼ਲ ਆਰਟ ਕੈਂਪ ਸ਼ੁਰੂ



**ਘਨੌਰ/ਸਰਦਾਰਾ ਸਿੰਘ ਲਾਛੜੂ**

ਯੂਨੀਵਰਸਿਟੀ ਕਾਲਜ ਘਨੌਰ ਵਿਖੇ ਵਿਦਿਆਰਥਣਾਂ ਦੀ ਸਵੈ-ਰੱਖਿਆ ਲਈ 10 ਰੋਜ਼ਾ ਮਾਰਸ਼ਲ ਆਰਟ ਕੈਂਪ ਦਾ ਆਗਾਜ਼ ਕੀਤਾ ਗਿਆ। ਇਹ ਕੈਂਪ ਕਾਲਜ ਦੇ ਸਰੀਰਕ ਸਿੱਖਿਆ ਵਿਭਾਗ ਅਤੇ ਮਹਿਲਾ ਸੋਸ਼ਣ ਨਿਵਾਰਨ ਕਮੇਟੀ ਦੁਆਰਾ ਸਾਂਝੇ ਉੱਦਮ ਸਦਕਾ ਕਰਵਾਇਆ ਜਾ ਰਿਹਾ ਹੈ। ਕੈਂਪ ਦਾ ਉਦਘਾਟਨ ਸ. ਬਲਜੀਤ ਸਿੰਘ ਗਿੱਲ, ਚੇਅਰਮੈਨ, ਮਾਰਕੀਟ ਕਮੇਟੀ, ਘਨੌਰ ਦੁਆਰਾ ਮੁੱਖ ਮਹਿਮਾਨ ਵੱਜੋਂ ਸ਼ਮੂਲੀਅਤ ਕਰਦਿਆਂ ਕੀਤਾ ਗਿਆ। ਇਸ ਮੌਕੇ ਸ. ਬਲਜੀਤ ਸਿੰਘ ਗਿੱਲ ਵਲੋਂ ਮੌਜੂਦਾ ਹਾਲਤਾਂ ਸਮੇਂ ਵਿਦਿਆਰਥਣਾਂ ਨੂੰ ਆਤਮ ਰੱਖਿਆ ਲਈ ਤਿਆਰ ਕਰਨ ਦੀ ਸੋਚ ਰੱਖਣ ਲਈ ਘਨੌਰ ਕਾਲਜ ਦੇ ਇਸ ਉੱਦਮ ਦੀ ਸ਼ਲਾਘਾ ਕਰਦਿਆਂ ਇਸ ਕੈਂਪ ਦੇ ਆਯੋਜਨ ਨਾਲ ਸੰਬੰਧਤ ਖਰਚ ਦੀ ਜਿੰਮੇਵਾਰੀ ਨਿੱਜੀ ਤੌਰ 'ਤੇ ਲੈਣ ਦਾ ਐਲਾਨ ਕੀਤਾ। ਚੇਅਰਮੈਨ ਗਿੱਲ ਨੇ ਕਿਹਾ ਕਿ ਪੰਜਾਬ ਕਾਂਗਰਸ ਕੁੜੀਆਂ ਦੀ ਸਿੱਖਿਆ ਅਤੇ ਸੁਰੱਖਿਆ ਲਈ ਵਚਨਬੱਧ ਹੈ ਅਤੇ ਵਿਧਾਇਕ ਮਦਨ ਲਾਲ ਜਲਾਲਪੁਰ ਦੇ ਯਤਨ ਸਦਕਾ ਘਨੌਰ ਵਿਖੇ ਕੁੜੀਆਂ ਦੀ ਆਈਟੀਆਈ ਵੀ ਬਣ ਜਾ ਰਹੀ ਹੈ। ਇਸ ਮੌਕੇ ਕਾਲਜ ਦੇ ਇੰਚਾਰਜ ਡਾ. ਮਨਿੰਦਰ ਕੌਰ ਨੇ ਦੱਸਿਆ ਕਿ ਇਸ ਕੈਂਪ ਵਿਚ ਕਾਲਜ ਦੀਆਂ ਲਗਭਗ 50 ਵਿਦਿਆਰਥਣਾਂ ਭਾਗ ਲੈਣਗੀਆਂ। ਉਨ੍ਹਾਂ ਕਿਹਾ ਕਿ ਇਸ ਕੈਂਪ ਰਾਹੀਂ ਕਾਲਜ ਵਿਦਿਆਰਥਣਾਂ ਨੂੰ ਆਪਣੀ ਆਤਮ-ਰੱਖਿਆ ਲਈ ਵੱਖ-ਵੱਖ ਤਕਨੀਕਾਂ ਸਿਖਾਈਆਂ ਜਾਣਗੀਆਂ। ਇਸ ਕੈਂਪ ਦਾ ਸੰਚਾਲਨ ਪੰਜਾਬ ਖੇਡ ਵਿਭਾਗ ਦੇ ਜੂਡੋ ਕੋਚ ਸ੍ਰੀ ਨਵਜੋਤ ਸਿੰਘ ਧਾਲੀਵਾਲ ਅਤੇ ਜੂਡੋ ਗੋਲਡ ਮੈਡਲਿਸਟ ਮਨਪ੍ਰੀਤ ਕੌਰ ਦੁਆਰਾ ਕੀਤਾ ਜਾ ਰਿਹਾ ਹੈ। ਇਸ ਕੈਂਪ ਦੇ ਉਦਘਾਟਨੀ ਸਮਾਰੋਹ ਮੌਕੇ ਡਾ.ਸਵਰਜੀਤ ਕੌਰ, ਡਾ. ਇੰਦਰਜੀਤ ਕੌਰ, ਡਾ. ਦੀਪਤੀ ਬਾਂਸਲ, ਪ੍ਰੋ. ਅਮਨਦੀਪ ਕੌਰ, ਡਾ. ਪਦਮਨੀ ਤੋਮਰ, ਡਾ. ਪਾਇਲ ਜੈਨ, ਡਾ. ਜਸਵਿੰਦਰ ਕੌਰ, ਡਾ. ਰਚਨਾ ਰਾਣੀ, ਡਾ. ਊਸ਼ਾ ਗੁਪਤਾ, ਡਾ. ਕਮਲਜੀਤ ਸਿੰਘ, ਡਾ. ਜਤਿੰਦਰ ਸਿੰਘ ਅਤੇ ਪ੍ਰੋ. ਵਰਿੰਦਰ ਸਿੰਘ ਆਦਿ ਹਾਜ਼ਰ ਸਨ।

# ਪਿੰਡ ਸੌਂਜਾ ਵਿਖੇ ਕਿਸਾਨਾਂ ਦੀਆਂ ਮੋਟਰਾਂ ਅਤੇ ਸਕੂਲ ਵਿਖੇ ਲਗਾਏ 100 ਪੌਦੇ



**ਪਟਿਆਲਾ/ਜਗਦੀਸ਼ ਰਾਇਕਾ**

ਬਸੰਤ ਰਿਤੂ ਯੂਥ ਕਲੱਬ ਤ੍ਰਿਪੜੀ ਪਟਿਆਲਾ ਵੱਲੋਂ ਨਹਿਰੂ ਯੂਵਾ ਕੇਂਦਰ ਤ੍ਰਿਪੜੀ ਪਟਿਆਲਾ ਅਤੇ ਕੁਤਬਨਪੁਰ ਨਰਸਰੀ ਦੇ ਸਹਿਯੋਗ ਨਾਲ ਪਿੰਡ ਸੌਂਜਾ ਵਿਖੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਅਤੇ ਕਿਸਾਨਾਂ ਦੀਆਂ 20 ਮੋਟਰਾਂ ਤੇ 100 ਫੱਲਦਾਰ ਪੌਦੇ ਲਗਾਉਣ ਲਈ ਸਰਕਾਰੀ ਸਕੂਲ ਵਿਖੇ ਵਣ ਮਹਾ ਉਤਸਵ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ। ਇਸ ਦੀ ਪ੍ਰਧਾਨਗੀ ਨਹਿਰੂ ਯੂਵਾ ਕੇਂਦਰ ਪਟਿਆਲਾ ਦੇ ਮੈਡਮ ਅਮਨਦੀਪ ਕੌਰ ਨੇ ਕੀਤੀ ਅਤੇ ਮੁੱਖ ਮਹਿਮਾਨ ਵਜੋਂ ਪਿੰਡ ਦੇ ਸਰਪੰਚ ਸ੍. ਬਹਾਦਰ ਸਿੰਘ ਪੂਰੀ ਪੰਚਾਇਤ ਮੈਂਬਰਾਂ ਨਾਲ ਪੁੱਜੇ। ਕਲੱਬ ਦੇ ਪ੍ਰਧਾਨ ਇੰਜੀ: ਆਕਰਸ਼ ਸ਼ਰਮਾ ਦੀ ਸਰਪ੍ਰਸਤੀ ਹੇਠ ਸਕੂਲ ਵਿਖੇ ਪ੍ਰਿੰਸੀਪਲ ਮੈਡਮ ਸੁਖਮ ਚਹਿਲ ਅਤੇ ਸਰਪੰਚ ਸ੍. ਬਹਾਦਰ ਸਿੰਘ ਨੇ ਮਿਲੇ ਅੰਬ ਦਾ ਪੋਦਾ ਲਗਾ ਕੇ ਵਣ ਮਹਾ ਉਤਸਵ ਦਾ ਉਦਘਾਟਨ ਕੀਤਾ। ਕਲੱਬ ਦੇ ਸੰਸਥਾਪਕ ਰਾਜੇਸ਼ ਸ਼ਰਮਾ ਰਾਮਟੱਟਵਾਲੀ ਨੇ ਆਖਿਆ ਕਿ ਕਲੱਬ ਵੱਲੋਂ ਕਿਸਾਨਾਂ ਦੀਆਂ ਮੋਟਰਾਂ ਤੇ ਅਤੇ ਸਰਕਾਰੀ ਸਕੂਲਾਂ ਵਿਖੇ ਛਾਂਦਾਰ ਅਤੇ ਫੱਲਦਾਰ ਪੌਦੇ ਲਗਾਉਣ ਦੀ ਮੁਹਿੰਮ ਪੰਚਾਇਤਾਂ ਅਤੇ ਪਿੰਡ ਦੇ ਯੂਥ ਕਲੱਬਾਂ ਦੇ ਨਾਲ ਮਿਲਕੇ ਚਲਾਈ ਜਾ ਰਹੀ ਹੈ ਤਾਂ ਜੋ ਲੋਕਾਂ ਵਿੱਚ ਵਧੇਰੇ ਪੌਦੇ ਲਗਾਉਣ ਅਤੇ ਜਲ ਬਚਾਉਣ ਦੀ ਲਗਨ ਪੈਦਾ ਕੀਤੀ ਜਾਵੇ, ਤਾਂ ਜੋ ਵਿਗੜਦੇ ਹੋਏ ਵਾਤਾਵਰਨ ਨੂੰ ਬਚਾਇਆ ਜਾ ਸਕੇ। ਸਕੂਲ ਦੇ ਪ੍ਰਿੰਸੀਪਲ ਮੈਡਮ ਸੁਖਮ ਚਹਿਲ ਨੇ ਆਖਿਆ ਕਿ ਬਸੰਤ ਰਿਤੂ ਕਲੱਬ ਦਾ ਪਿੰਡ ਪਿੰਡ ਜਾਕੇ ਜੋ ਪੌਦੇ ਲਗਾਉਣ ਦੀ ਪਹਿਲਕਦਮੀ ਕੀਤੀ ਜਾ ਰਹੀ ਹੈ ਉਸ ਤੋਂ ਲੋਕਾਂ ਨੂੰ ਜਾਗਰੂਕ ਹੋਣ ਦੀ ਲੋੜ ਹੈ ਅਤੇ ਵਧੇਰੇ ਪੌਦੇ ਲਗਾ ਕੇ ਵਾਤਾਵਰਨ ਨੂੰ ਬਚਾਉਣ ਲਈ ਸਹਿਯੋਗ ਦੇਣਾ ਚਾਹੀਦਾ ਹੈ। ਪਿੰਡ ਦੇ ਸਰਪੰਚ ਸ੍. ਬਹਾਦਰ ਸਿੰਘ ਨੇ ਆਖਿਆ ਕਿ ਕਲੱਬ ਵੱਲੋਂ ਪਿੰਡ ਦੀਆਂ 20 ਮੋਟਰਾਂ ਤੇ ਜੋ ਫੱਲਦਾਰ ਪੌਦੇ ਲਗਾਏ ਗਏ ਹਨ ਉਹਨਾ ਦੀ ਦੇਖ ਭਾਲ ਉਹ ਖੁੱਦ ਅਤੇ ਪੰਚਾਇਤ ਮੈਂਬਰ ਕਰਨਗੇ। ਇਸ ਪ੍ਰੋਗਰਾਮ ਵਿੱਚ ਜਰਨੈਲ ਸਿੰਘ, ਅੰਗਰੇਜ ਸਿੰਘ, ਜੰਗ ਸਿੰਘ, ਭਜਨ ਸਿੰਘ, ਵਿਸਾਖਾ ਸਿੰਘ, ਰਣਬੀਰ ਕੌਰ, ਹਰਪ੍ਰੀਤ ਕੌਰ ਅਤੇ ਨਵਦੀਪ ਸਿੰਘ ਨੇ ਭਾਗ ਲਿਆ।




# ਹੱਕੀ ਮੰਗਾਂ ਨੂੰ ਲੈ ਕੇ ਜਲ ਸਪਲਾਈ ਤੇ ਸੈਨੀਟੇਸ਼ਨ ਇੰਪਲਾਈਜ਼ ਯੂਨੀਅਨ ਨੇ ਕੀਤੀ ਵਿੱਤ ਮੰਤਰੀ ਮਨਪ੍ਰੀਤ ਬਾਦਲ ਵਿਰੁੱਧ ਜੋਰਦਾਰ ਨਾਅਰੇਬਾਜੀ

**ਪਟਿਆਲਾ/ਜਗਦੀਸ ਰਾਈਕਾ**

ਖਜ਼ਾਨਾ ਖਾਲੀ ਹੋਣ ਦੀ ਦੁਹਾਈ ਦੇ ਕੇ ਮਨਪ੍ਰੀਤ ਬਾਦਲ ਆਮ ਵਰਗ ਤੇ ਕਰਮਚਾਰੀਆਂ ਨੂੰ ਕਰ ਰਹੇ ਨੇ ਗੁੰਮਰਾਹ ਮੁਕੇਸ਼ ਕੰਡਾ।

ਪਟਿਆਲਾ : ਨਾਭਾ ਰੋਡ ਸਥਿਤ ਦਫਤਰ ਵਿਖੇ ਜਲ ਸਪਲਾਈ ਅਤੇ ਸੈਨੀਟੇਸ਼ਨ (ਮ:) ਇੰਪਲਾਈਜ਼ ਯੂਨੀਅਨ ਵੱਲੋਂ ਸੂਬਾ ਜਨਰਲ ਸਕੱਤਰ ਮੁਕੇਸ਼ ਕੰਡਾ ਦੀ ਅਗਵਾਈ ਵਿੱਚ ਕਰਮਚਾਰੀਆਂ ਦੀਆਂ ਹੱਕੀ ਮੰਗਾਂ ਨੂੰ ਲੈ ਕੇ ਵਿੱਤ ਮੰਤਰੀ ਪੰਜਾਬ ਮਨਪ੍ਰੀਤ ਸਿੰਘ ਬਾਦਲ ਖਿਲਾਫ ਜੋਰਦਾਰ ਨਾਅਰੇਬਾਜੀ ਕੀਤੀ ਗਈ। ਇਸ ਦੌਰਾਨ ਮੁਕੇਸ਼ ਕੰਡਾ ਨੇ ਕਿਹਾ ਕਿ ਪੰਜਾਬ ਦੀ ਕਾਂਗਰਸ ਸਰਕਾਰ ਦੇ ਲਗਭਗ 5 ਸਾਲ ਹੋਣ ਵਾਲੇ ਹਨ ਪਰ ਇਸ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਨੇ ਮੁਲਾਜਮਾਂ ਦੇ ਹਿੱਤ ਵਿੱਚ ਕੋਈ ਵੀ ਮੰਗ ਨੂੰ ਪ੍ਰਵਾਨ ਨਹੀਂ ਕੀਤਾ। ਉਨ੍ਹਾਂ ਕਿਹਾ ਕਿ ਵੱਖਵੱਖ ਸਰਕਾਰੀ ਵਿਭਾਗਾਂ ਵਿੱਚ ਪਿਛਲੇ 15 ਅਤੇ 20 ਸਾਲਾਂ ਕਰਮਚਾਰੀਆਂ ਕੱਚੇ ਤੌਰ ਤੇ ਕੰਮ ਕਰਦੇ ਆ ਰਹੇ ਹਨ, ਜਿਨ੍ਹਾਂ ਨੂੰ ਪੱਕੇ ਕਰਨ ਲਈ ਪੰਜਾਬ ਸਰਕਾਰ ਵੱਲੋਂ ਕੋਈ ਉਪਰਾਲਾ ਨਹੀਂ ਕੀਤਾ ਗਿਆ। ਉਨ੍ਹਾਂ ਕਿਹਾ ਕਿ 6ਵੇਂ ਪੇ ਕਮਿਸ਼ਨ ਵਿੱਚ ਬਹੁਤ ਕਮੀਆਂ ਹਨ ਜਿਹੜੀਆਂ ਕਿ ਮੁਲਾਜਮਾਂ ਦੇ ਹਿੱਤ ਵਿੱਚ ਨਹੀਂ ਹਨ, ਜਿਸ ਵਿੱਚ ਕਮੀਆਂ ਦੂਰ ਕੀਤੀਆ ਜਾਣੀਆਂ ਬਹੁਤ ਜਰੂਰੀ ਹਨ। ਉਹਨਾਂ ਇਹ ਵੀ ਮੰਗ ਕੀਤੀ ਕਿ 2004 ਤੋਂ ਬਾਅਦ ਭਰਤੀ ਹੋਏ ਕਰਮਚਾਰੀਆਂ ਨੂੰ 2004 ਤੋਂ ਪਹਿਲਾਂ ਵਾਲੀ ਪੈਨਸ਼ਨ ਬਹਾਲ ਕੀਤੀ ਜਾਵੇ, ਜੇਕਰ ਮੁਲਾਜਮਾਂ ਦੀਆਂ ਉਕਤ ਮੰਗਾਂ ਨੂੰ ਨਾ ਮੰਨਿਆ ਗਿਆ ਤਾਂ ਕਰਮਚਾਰੀ ਵਰਗ ਨੂੰ ਕਾਂਗਰਸ ਦੀ ਪੰਜਾਬ ਸਰਕਾਰ ਨੂੰ ਮੁਲਾਜਮ ਵਿਰੋਧੀ ਮਨਦਿਆਂ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਵਿੱਚ ਇਸਦਾ ਢੁਕਵਾਂ ਜਵਾਬ ਦੇਣ ਲਈ ਮਜਬੂਰ ਹੋਣਾ ਪਵੇਗਾ। ਮੁਕੇਸ਼ ਕੰਡਾ ਨੇ ਅੱਗੇ ਕਿਹਾ ਕਿ ਮਨਪ੍ਰੀਤ ਬਾਦਲ ਖਜਾਨਾ ਖਾਲੀ ਹੋਣ ਦੀ ਜਿਹੜੀ ਦੁਹਾਈ ਦੇ ਰਹੇ ਹਨ ਉਹ ਕਿਸਾਨਾ ਅਤੇ ਆਮ ਵਰਗ ਨੂੰ ਗੁੰਮਰਾਹ ਕਰ ਰਹੇ ਹਨ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸੂਬਾ ਪ੍ਰਚਾਰ ਸਕੱਤਰ ਧਰਮਪਾਲ ਲੋਟ, ਗੁਰਦੇਵ ਸਿੰਘ ਸਿਰਸਵਾਲ, ਦੀਪਕ ਕੁਮਾਰ, ਸੰਜੇ ਕੁਮਾਰ, ਰਾਮ ਗੋਪਾਲ, ਮੰਗਲ ਸਿੰਘ ਉਗਰਸੈਨ, ਜਸਵਿੰਦਰ ਸਿੰਘ, ਰਾਮ ਅਧਾਰ ਬਡੂੰਗਰ, ਹਰਵਿੰਦਰ ਸਿੰਘ, ਡੀ ਰਾਜ ਧਿਆਨ ਸਿੰਘ, ਮਨਿੰਦਰ ਸਿੰਘ, ਭਗਵਾਨ ਦਾਸ, ਸੂਰਜ ਭਾਨ, ਡੋਗਰ ਰਾਮ, ਹਰਜਿੰਦਰ ਸਿੰਘ, ਸੁਰਿੰਦਰ ਸਿੰਘ ਮਦੁਕਾ, ਗੁਰਮੁੱਖ ਸਿੰਘ, ਸਵਰਨ ਸਿੰਘ, ਜੀਤ ਬਹਾਦਰ, ਤਾਰਾ ਚੰਦ, ਭਜਨ ਸਿੰਘ, ਪ੍ਰੇਮ ਨੇਗੀ ਸਰਦਾਰ ਅਲੀ ਆਦਿ ਹਾਜਰ ਸਨ।

# ਕਾਂਗਰਸ ਪਾਰਟੀ ਦੀਆਂ ਨੀਤੀਆਂ ਨੂੰ ਘਰ-ਘਰ ਪਹੁੰਚਾਉਣ ਲਈ ਅਹਿਮ ਵਿਚਾਰਾਂ ਕੀਤੀਆਂ



**ਮੋਗਾ/ਧਰਮਕੋਟ ਦਵਿੰਦਰ ਸਿੰਘ ਬਿੱਟੂ**

ਹਲਕਾ ਧਰਮਕੋਟ ਦੇ ਵਿਧਾਇਕ ਸਰਦਾਰ ਸੁਖਜੀਤ ਸਿੰਘ ਕਾਕਾ ਲੋਹਗੜ੍ਹ ਜੀ ਜੀ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਯੂਥ ਕਾਂਗਰਸ ਦੀ ਅਹਿਮ ਮੀਟਿੰਗ ਹੋਈ ਯੂਥ ਕਾਂਗਰਸ ਦਾ ਸਥਾਪਨਾ ਦਿਵਸ ਮਨਾਇਆ ਗਿਆ ਅਤੇ ਮਿਸ਼ਨ 2022 ਕਾਂਗਰਸ ਪਾਰਟੀ ਦੀਆਂ ਨੀਤੀਆਂ ਘਰ ਘਰ ਪਹੁੰਚਾਉਣ ਲਈ ਅਹਿਮ ਵਿਚਾਰਾਂ ਹੋਈਆਂ ਅਤੇ ਜਿਸ ਵਿਚ ਪ੍ਰਧਾਨ ਨਵਜੋਤ ਸਿੰਘ ਤੂਰ ਜ਼ਿਲ੍ਹਾ ਯੂਥ ਕਾਂਗਰਸ ਸਾਜਨ ਛਾਬਡਾ ਬਲਾਕ ਪ੍ਰਧਾਨ ਧਰਮਕੋਟ ਚੇਅਰਮੈਨ ਪ੍ਰਿਤਪਾਲ ਸਿੰਘ ਚੀਮਾ ਚੇਅਰਮੈਨ ਸ਼ਵਾਜ ਸਿੰਘ ਭੋਲਾ ਮਸਤੇਵਾਲਾ ਹਰਪ੍ਰੀਤ ਸਿੰਘ ਸ੍ਰੀ ਸਿੰਘ ਸਰਪੰਚ ਸ਼ੇਰੇਵਾਲਾ ਤਜਿੰਦਰ ਸਿੰਘ ਯੂਥ ਪ੍ਰਧਾਨ ਫਤਿਹਗੜ੍ਹ ਪੰਜਤੂਰ ਰਛਪਾਲ ਸਿੰਘ ਪਾਲਾ ਦਾਤੇਵਾਲ ਬਲਾਕ ਪ੍ਰਧਾਨ ਯੂਥ ਕਾਂਗਰਸ ਕੋਟ ਈਸੇ ਖਾਂ ਦਲਬੀਰ ਸਿੰਘ ਸਰਪੰਚ ਚੌਧਰੀਵਾਲਾ ਜੱਸਾ ਸਿੱਧੂ ਐੱਮ ਸੀ ਗੁਰਜੰਟ ਸਿੰਘ ਬੱਾਜੇ ਕੇ ਸਰਪੰਚ ਹਰਨੇਕ ਸਿੰਘ ਬਾਜੇ ਕੇ ਰੁਪਿੰਦਰ ਸਿੰਘ ਧਾਲੀਵਾਲ ਸਰਪੰਚ ਕਡਿਆਲ ਗੁਰਪ੍ਰੀਤ ਸਿੰਘ ਸਰਪੰਚ ਸ਼ਾਦੀਵਾਲਾ ਗੁਰਜੰਟ ਸਿੰਘ ਮੁੰਡੀ ਜਮਾਲ ਕੁਲਦੀਪ ਸਿੰਘ ਚੁੱਘਾ ਚੇਅਰਮੈਨ ਰਾਜਿੰਦਰਪਾਲ ਸਿੰਘ ਭੰਬਾ ਇੰਦਰਗੜ੍ਹ ਗੁਰਵਿੰਦਰ ਸਿੰਘ ਮੰਡੀਰਾਂ ਛਿੰਦਰਪਾਲ ਸਿੱਧੂ ਮੰਦਰ ਰੁਪਿੰਦਰ ਸਿੰਘ ਕਾਕਾ ਕੁਲਵਿੰਦਰ ਸਿੰਘ ਸੰਧੂ ਸੁਖਰਾਜ ਸਿੰਘ ਚੂਹੜਚੱਕ ਹੋਰ ਮੋਹਤਬਰ ਸੱਜਣ ਹਾਜ਼ਰ ਸਨ ਤੇ ਅੰਤ ਵਿਚ ਆਏ ਹੋਏ ਸਾਰੇ ਨੌਜਵਾਨਾਂ ਦਾ ਸੋਹਣ ਸਿੰਘ ਖੇਲਾ ਸਿਆਸੀ ਸਕੱਤਰ ਵਿਧਾਇਕ ਵਲੋਂ ਧੰਨਵਾਦ ਕੀਤਾ ਗਿਆ।

ਨਾਨਕ ਨਾਮ ਚੜ੍ਹਦੀ ਕਲਾ ਤੇਰੇ ਭਾਣੇ ਸਰਬੱਤ ਦਾ ਭਲਾ॥
ਅਨਾਥ, ਵਿਧਵਾ, ਬੇਸਹਾਰਾ, ਲਚਾਰ ਪ੍ਰਾਣੀਆਂ ਦੀ ਸੇਵਾ ਹਿੱਤ
ਗੁਰੂ ਨਾਨਕ ਅਨਾਥ ਆਸ਼ਰਮ ਐਂਡ ਚੈਰੀਟੇਬਲ ਸੁਸਾਇਟੀ (ਰਜਿ.)
विधवा, बेसहारा, लाचार प्राणियों की सेवा में
गुरू नानक अनाथ आश्रम एण्ड चैरीटेबल सोसाईटी ( रजि. )
ਫੋਨ : 0181-2413760, ਮੋ. 95018-42008
GURU NANAK ANATH ASHRAM & CHARITABLE SOCIETY (REGD.)
P.N.B. A/C. No. 2205000121070723
ਦਾਨੀ ਸੱਜਣ ਇਨਕਮ ਟੈਕਸ ਛੋਟ ਵਾਸਤੇ ਮੁੱਖ ਦਫ਼ਤਰ ਰਾਮਾ ਮੰਡੀ, ਜਲੰਧਰ ਨਾਲ ਸੰਪਰਕ ਕਰਨ ਜੀ।
Vill. Buddana, P.o. Kapoor Pind, Near Jandusinga, Distt Jalandhar (Pb.)

ਦੇਸ਼-ਵਿਦੇਸ਼ ਤੋਂ ਅਖ਼ਬਾਰ ਨੂੰ ਪੱਤਰਕਾਰ, ਲੇਖਕਾਂ ਦੀ ਲੋੜ ਹੈ ਚਾਹਵਾਨ
ਸੰਪਰਕ ਕਰਨ ਪਤਾ-ਲੋਕ ਬਾਣੀ ਸੰਗਮ ਕੰਪਲੈਕਸ,
ਮਿਲਾਪ ਚੌਕ ਜਲੰਧਰ 0181-2211009, 99155-94111